

# ਸੱਭਿਆਚਾਰਕ ਅਤੇ ਭਾਸ਼ਾਈ ਵਿਭਿੰਨਤਾ ਰਣਨੀਤੀ

2024-2028

Punjabi | ਪੰਜਾਬੀ

# ਦੇਸ਼ ਦੀ ਮਾਨਤਾ

NDIA ਇਸ ਦੇਸ਼ ਦੇ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਅਤੇ ਇਸ ਧਰਤੀ ਦੇ ਪਰੰਪਰਾਗਤ ਰਖਵਾਲਿਆਂ ਨੂੰ ਸਵੀਕਾਰਦਾ ਹੈ ਜਿੱਥੇ ਸਾਡੀ ਏਜੰਸੀ ਸਾਡੇ ਕਾਰੋਬਾਰ ਦਾ ਸੰਚਾਲਨ ਕਰਦੀ ਹੈ।

ਅਸੀਂ ਇਸ ਧਰਤੀ ਦੇ ਰਖਵਾਲਿਆਂ ਅਤੇ ਨਾਲ ਹੀ ਉਨ੍ਹਾਂ ਦੇ ਅਤੀਤ, ਵਰਤਮਾਨ ਅਤੇ ਉੱਭਰਦੇ ਹੋਏ ਪੂਰਵਜਾਂ ਅਤੇ ਵੱਡੇ-ਵਡੇਰਿਆਂ ਨੂੰ ਆਪਣਾ ਸਤਿਕਾਰ ਭੇਟ ਕਰਦੇ ਹਾਂ ਜਿਸ 'ਤੇ ਅਸੀਂ ਕੰਮ ਕਰਦੇ ਹਾਂ।

NDIA ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਦੇ ਜ਼ਮੀਨ, ਪਾਣੀ, ਸਮੁੰਦਰਾਂ ਨਾਲ ਵਿਲੱਖਣ ਸੱਭਿਆਚਾਰਕ ਅਤੇ ਅਧਿਆਤਮਿਕ ਸੰਬੰਧਾਂ ਅਤੇ ਸਮਾਜ ਵਿੱਚ ਉਨ੍ਹਾਂ ਦੇ ਭਰਪੂਰ ਯੋਗਦਾਨ ਲਈ ਉਹਨਾਂ ਦਾ ਸਨਮਾਨ ਕਰਨ ਲਈ ਵਚਨਬੱਧ ਹੈ।

# CEO ਵੱਲੋਂ ਮੁਖਬੰਧ

**ਰਾਸ਼ਟਰੀ ਅਪੰਗਤਾ ਬੀਮਾ ਏਜੰਸੀ (NDIA)**

NDIA ਇੱਕ ਅਜਿਹੇ ਆਸਟ੍ਰੇਲੀਆ ਲਈ ਵਚਨਬੱਧ ਹੈ ਜਿਸ ਵਿੱਚ ਅਪੰਗਤਾ ਵਾਲੇ ਸਾਰੇ ਆਸਟ੍ਰੇਲੀਆਈ ਸ਼ਾਮਲ ਹਨ।

ਉਸ ਵਚਨਬੱਧਤਾ ਦਾ ਕੇਂਦਰ ਸੱਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਵਿਭਿੰਨ (CALD) ਪਿਛੋਕੜ ਵਾਲੇ ਸਾਰੇ NDIS ਭਾਗੀਦਾਰਾਂ ਨੂੰ ਸਭ ਤੋਂ ਵਧੀਆ ਅਨੁਭਵ ਪ੍ਰਦਾਨ ਕਰਨ ਲਈ ਵਿਭਿੰਨ ਕੌਮੀਅਤਾਂ, ਭਾਸ਼ਾਵਾਂ ਅਤੇ ਰੀਤੀ-ਰਿਵਾਜਾਂ ਵਾਲੇ ਅਪੰਗਤਾ ਵਾਲੇ ਲੋਕਾਂ ਦੀ ਸਹਾਇਤਾ ਕਰਨ ਦੀ ਸਾਡੀ ਜ਼ਿੰਮੇਵਾਰੀ ਹੈ।

ਅਸੀਂ CALD ਭਾਗੀਦਾਰਾਂ ਅਤੇ ਉਹਨਾਂ ਦੇ ਭਾਈਚਾਰਿਆਂ ਤੋਂ ਉਹਨਾਂ ਚੁਣੌਤੀਆਂ ਬਾਰੇ ਸੁਣਿਆ ਹੈ ਜੋ ਉਹਨਾਂ ਨੂੰ NDIS ਤੱਕ ਪਹੁੰਚ ਕਰਨ ਅਤੇ ਵਰਤਣ ਵਿੱਚ ਆਈਆਂ ਹਨ। ਅਸੀਂ ਜਾਣਦੇ ਹਾਂ ਕਿ NDIS ਹਮੇਸ਼ਾ ਭਾਗੀਦਾਰਾਂ ਦੀਆਂ ਸੱਭਿਆਚਾਰਕ ਅਤੇ ਭਾਸ਼ਾ ਦੀਆਂ ਲੋੜਾਂ ਨੂੰ ਨਹੀਂ ਪਛਾਣਦਾ ਹੈ। ਅਸੀਂ ਸਮਝਦੇ ਹਾਂ ਕਿ CALD ਭਾਈਚਾਰਿਆਂ ਵਿੱਚ ਅਪੰਗਤਾ ਵਾਲੇ ਲੋਕ ਉਹਨਾਂ ਨੂੰ ਲੋੜੀਂਦੀ ਸਹਾਇਤਾ ਤੱਕ ਪਹੁੰਚ ਕਰਨ ਵਿੱਚ ਲਗਾਤਾਰ ਚੁਣੌਤੀਆਂ ਦਾ ਸਾਹਮਣਾ ਕਰਦੇ ਹਨ।

ਅਸੀਂ ਇਹ ਯਕੀਨੀ ਬਣਾਉਣ ਲਈ ਇਹ ਸੱਭਿਆਚਾਰਕ ਅਤੇ ਭਾਸ਼ਾਈ ਵਿਭਿੰਨਤਾ ਰਣਨੀਤੀ 2024–2028 (ਇਹ ਰਣਨੀਤੀ) ਵਿਕਸਿਤ ਕੀਤੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ NDIA, CALD ਪਿਛੋਕੜ ਵਾਲੇ ਅਪੰਗਤਾ ਵਾਲੇ ਲੋਕਾਂ ਲਈ ਬਿਹਤਰ ਨਤੀਜੇ ਪ੍ਰਦਾਨ ਕਰ ਸਕੇ।

ਇਹ ਰਣਨੀਤੀ ਸਹਿ-ਡਿਜ਼ਾਈਨ ਦੁਆਰਾ ਤਿਆਰ ਕੀਤੀ ਗਈ ਸੀ। ਸਹਿ-ਡਿਜ਼ਾਈਨ ਦਾ ਮਤਲਬ ਹੈ ਕਿ ਅਸੀਂ ਭਾਗੀਦਾਰਾਂ, ਪਰਿਵਾਰਾਂ, ਸਟਾਫ਼, ਪ੍ਰਦਾਤਾਵਾਂ ਅਤੇ ਭਾਈਚਾਰਕ ਗਰੁੱਪਾਂ ਤੋਂ ਸੁਣਦੇ ਅਤੇ ਸਿੱਖਦੇ ਹਾਂ। ਇਸ ਰਣਨੀਤੀ ਨੂੰ ਵਿਕਸਿਤ ਕਰਨ ਵਿੱਚ ਅਸੀਂ NDIS ਭਾਗੀਦਾਰਾਂ, CALD ਅਤੇ ਅਪੰਗਤਾ ਸੈਕਟਰ ਦੇ ਹਿੱਤਧਾਰਕਾਂ, ਸਟਾਫ਼ ਅਤੇ ਭਾਈਵਾਲਾਂ ਨਾਲ ਮਿਲ ਕੇ ਅਜਿਹੀ ਰਣਨੀਤੀ ਵਿਕਸਿਤ ਕਰਨ ਲਈ ਕੰਮ ਕੀਤਾ ਹੈ ਜੋ ਸਾਡੇ CALD ਭਾਗੀਦਾਰਾਂ ਅਤੇ ਉਹਨਾਂ ਦੇ ਭਾਈਚਾਰਿਆਂ ਦੇ ਜੀਵਨ ਅਨੁਭਵ ਨੂੰ ਇਮਾਨਦਾਰੀ ਨਾਲ ਦਰਸਾਉਂਦੀ ਹੈ।

ਇਸ ਰਣਨੀਤੀ ਵਿੱਚ ਇੱਕ ਕਾਰਜ-ਯੋਜਨਾ ਸ਼ਾਮਲ ਹੈ ਜੋ ਸਾਡੇ ਲਾਗੂ ਕਰਨ ਦਾ ਮਾਰਗਦਰਸ਼ਨ ਕਰੇਗੀ। ਇਹ ਅਗਲੇ 4 ਸਾਲਾਂ ਵਿੱਚ ਇਸ ਰਣਨੀਤੀ ਦੇ ਨਤੀਜਿਆਂ ਨੂੰ ਪ੍ਰਾਪਤ ਕਰਨ ਵਿੱਚ ਸਾਡੀ ਤਰੱਕੀ ਦੀ ਨਿਗਰਾਨੀ ਅਤੇ ਮੁਲਾਂਕਣ ਕਰੇਗੀ। ਇਸ ਕਾਰਜ-ਯੋਜਨਾ ਨੂੰ ਲਾਗੂ ਕਰਨ ਨਾਲ ਸਾਨੂੰ ਤਬਦੀਲੀ ਕਰਨ ਵਿੱਚ ਮੱਦਦ ਮਿਲਦੀ ਹੈ। ਇਹ ਯਕੀਨੀ ਬਣਾਉਂਦੀ ਹੈ ਕਿ ਅਸੀਂ ਜਵਾਬਦੇਹ ਹਾਂ, ਅਤੇ ਫੀਡਬੈਕ ਸੁਣਨਾ, ਸਿੱਖਣਾ ਅਤੇ ਲੈਣਾ ਜਾਰੀ ਰੱਖਦੇ ਹਾਂ ਤਾਂ ਜੋ ਅਸੀਂ ਇੱਕ ਅਜਿਹੀ ਰਣਨੀਤੀ ਪ੍ਰਦਾਨ ਕਰ ਸਕੀਏ ਜੋ ਭਵਿੱਖ ਵਿੱਚ ਭਾਈਚਾਰੇ ਦੀਆਂ ਲੋੜਾਂ ਲਈ ਸੰਵੇਦਨਸ਼ੀਲ ਹੋਵੇ।

ਮੈਨੂੰ ਉਸ ਕੰਮ 'ਤੇ ਬਹੁਤ ਮਾਣ ਹੈ ਜੋ ਇਸ ਰਣਨੀਤੀ ਨੂੰ ਵਿਕਸਿਤ ਕਰਨ ਲਈ ਕੀਤਾ ਗਿਆ ਹੈ। ਹਾਲਾਂਕਿ, ਮੈਂ ਇਹ ਸਵੀਕਾਰ ਕਰਨਾ ਚਾਹੁੰਦੀ ਹਾਂ ਕਿ ਇਹ ਸਿਰਫ਼ ਸਾਡੀ ਯਾਤਰਾ ਦੀ ਸ਼ੁਰੂਆਤ ਹੈ - CALD ਭਾਗੀਦਾਰਾਂ ਲਈ ਨਤੀਜਿਆਂ ਨੂੰ ਬਿਹਤਰ ਬਣਾਉਣ ਲਈ ਅਜੇ ਵੀ ਬਹੁਤ ਸਾਰਾ ਕੰਮ ਕਰਨਾ ਬਾਕੀ ਹੈ।

ਮੈਂ ਬਾਹਰੀ ਸਲਾਹਕਾਰ ਗਰੁੱਪ (EAG) ਅਤੇ ਨੈਸ਼ਨਲ ਐਥਨਿਕ ਡਿਸਏਬਿਲਟੀ ਅਲਾਇੰਸ (NEDA) ਦਾ ਧੰਨਵਾਦ ਕਰਨਾ ਚਾਹਾਂਗੀ। ਇਸ ਰਣਨੀਤੀ ਦੇ ਸਹਿ-ਡਿਜ਼ਾਈਨ ਅਤੇ ਵਿਕਾਸ ਦੌਰਾਨ ਤੁਹਾਡੀ ਅਗਵਾਈ ਅਤੇ ਸਲਾਹ ਮਹੱਤਵਪੂਰਨ ਰਹੀ ਹੈ।

NDIA ਲਈ EAG, NEDA, ਸੈਕਟਰ ਅਤੇ ਭਾਈਚਾਰੇ ਨਾਲ ਮਜ਼ਬੂਤ ਅਤੇ ਲੰਬੇ ਸਮੇਂ ਤੱਕ ਚੱਲਣ ਵਾਲੇ ਰਿਸ਼ਤੇ ਬਣਾਉਣਾ ਇੱਕ ਮਹੱਤਵਪੂਰਨ ਪ੍ਰਾਪਤੀ ਹੈ। ਮੈਂ ਆਉਣ ਵਾਲੇ ਸਾਲਾਂ ਲਈ ਵੀ ਮਿਲ ਕੇ ਕੰਮ ਕਰਨ ਦੀ ਉਮੀਦ ਕਰਦੀ ਹਾਂ।

ਜੇਕਰ ਤੁਸੀਂ ਉਨ੍ਹਾਂ CALD ਭਾਈਚਾਰਿਆਂ ਦੇ ਬਹੁਤ ਸਾਰੇ ਲੋਕਾਂ ਵਿੱਚੋਂ ਇੱਕ ਸੀ ਜਿਨ੍ਹਾਂ ਨੇ ਸਾਡੇ ਨਾਲ ਆਪਣੇ ਅਨੁਭਵ ਸਾਂਝੇ ਕੀਤੇ ਹਨ ਤਾਂ- ਮੇਰੇ ਵੱਲੋਂ ਤੁਹਾਡਾ ਨਿੱਜੀ ਤੌਰ 'ਤੇ ਧੰਨਵਾਦ ਹੈ। ਤੁਹਾਡੇ ਤੋਂ ਸਿੱਖਣ ਦਾ ਮਤਲਬ ਹੈ ਕਿ ਅਸੀਂ ਮਿਲ ਕੇ ਅਪੰਗਤਾ ਵਾਲੇ ਸਾਰੇ ਆਸਟ੍ਰੇਲੀਆਈ ਲੋਕਾਂ ਲਈ ਸਮਾਨਤਾ ਅਤੇ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਲਈ ਕੰਮ ਕਰ ਰਹੇ ਹਾਂ।

ਰੇਬੇਕਾ ਫਾਕਿੰਘਮ

ਮੁੱਖ ਕਾਰਜਕਾਰੀ ਅਧਿਕਾਰੀ

# ਬੋਰਡ ਦੇ ਪ੍ਰਧਾਨ ਵੱਲੋਂ ਮੁਖਬੰਧ

**ਨੈਸ਼ਨਲ ਐਥਨਿਕ ਡਿਸਏਬਿਲਟੀ ਅਲਾਇੰਸ (NEDA)**

NDIS ਸੱਭਿਆਚਾਰਕ ਅਤੇ ਭਾਸ਼ਾਈ ਵਿਭਿੰਨਤਾ (CALD) ਰਣਨੀਤੀ ਵਧੇਰੇ ਸ਼ਮੂਲੀਅਤ ਵਾਲੇ ਅਤੇ ਨਿਰਪੱਖ NDIS ਦੀ ਪ੍ਰਾਪਤੀ ਵਿੱਚ ਇੱਕ ਅਹਿਮ ਮੀਲ ਪੱਥਰ ਦੀ ਨਿਸ਼ਾਨਦੇਹੀ ਕਰਦੀ ਹੈ। ਇਹ ਅਤੀਤ ਤੋਂ ਸਿੱਖਣ ਅਤੇ ਬਿਹਤਰ ਭਵਿੱਖ ਬਣਾਉਣ ਲਈ CALD ਭਾਈਚਾਰਿਆਂ ਨਾਲ ਮਿਲ ਕੇ ਕੰਮ ਕਰਨ ਲਈ NDIA ਦੀ ਵਚਨਬੱਧਤਾ ਦਾ ਪ੍ਰਮਾਣ ਹੈ। ਇਹ ਰਣਨੀਤੀ ਉਹਨਾਂ ਰੁਕਾਵਟਾਂ ਦੀ ਜਾਂਚ ਕਰਦੀ ਹੈ ਜਿੰਨ੍ਹਾਂ ਦਾ CALD ਪਿਛੋਕੜ ਵਾਲੇ ਅਪਾਹਜ ਲੋਕਾਂ ਨੂੰ NDIS ਤੱਕ ਪਹੁੰਚ ਕਰਨ ਅਤੇ ਵਰਤਣ ਵਿੱਚ ਸਾਹਮਣਾ ਕਰਨਾ ਪੈਂਦਾ ਹੈ ਅਤੇ ਉਹਨਾਂ ਨੂੰ ਉਚਿਤ ਅਤੇ ਸਮੇਂ ਸਿਰ ਕਾਰਵਾਈ ਦੁਆਰਾ ਹੱਲ ਕਰਨ ਦੀ ਕੋਸ਼ਿਸ਼ ਕਰਦੀ ਹੈ।

ਇਸ ਰਣਨੀਤੀ ਨੂੰ ਸਹਿ-ਡਿਜ਼ਾਈਨ ਕਰਨ ਵਿੱਚ ਲਈ NEDA ਦੇ ਤਜ਼ਰਬੇ ਤੋਂ ਪ੍ਰਾਪਤ ਜਾਣਕਾਰੀ ਅਤੇ ਸ਼ਮੂਲੀਅਤ ਦੇ ਆਧਾਰ 'ਤੇ, ਮੈਂ ਇਹ ਦੇਖਣ ਲਈ ਉਤਸੁਕ ਹਾਂ ਕਿ ਇਸਦਾ ਫੋਕਸ CALD ਪਿਛੋਕੜ ਵਾਲੇ ਅਪਾਹਜ ਲੋਕਾਂ ਲਈ ਠੋਸ, ਸਕਾਰਾਤਮਕ ਨਤੀਜੇ ਪ੍ਰਦਾਨ ਕਰਨ 'ਤੇ ਬਣਿਆ ਰਹੇ। ਇਹ ਰਣਨੀਤੀ ਇੱਕ ਗਤੀਸ਼ੀਲ ਅਤੇ ਦੁਹਰਾਉਣ ਵਾਲੀ ਪ੍ਰਕਿਰਿਆ ਬਣੀ ਰਹਿਣੀ ਚਾਹੀਦੀ ਹੈ, ਜਿੱਥੇ ਨੈਸ਼ਨਲ ਡਿਸਏਬਿਲਟੀ ਇੰਸ਼ੋਰੈਂਸ ਏਜੰਸੀ (NDIA) ਲਗਾਤਾਰ ਤਰੱਕੀ ਦਾ ਮੁਲਾਂਕਣ ਕਰਦੀ ਹੈ, ਬਦਲਦੇ ਹਾਲਾਤਾਂ ਅਨੁਸਾਰ ਢਲਦੀ ਹੈ ਅਤੇ ਉਭਰਦੀਆਂ ਚੁਣੌਤੀਆਂ ਅਤੇ ਮੌਕਿਆਂ ਲਈ ਜਵਾਬਦੇਹ ਰਹਿੰਦੀ ਹੈ।

ਸਭ ਤੋਂ ਮਹੱਤਵਪੂਰਨ, ਮੈਨੂੰ ਉਮੀਦ ਹੈ ਕਿ CALD ਪਿਛੋਕੜ ਵਾਲੇ ਅਪਾਹਜ ਲੋਕ ਇਸ ਰਣਨੀਤੀ ਵਿੱਚ ਸਭ ਤੋਂ ਅੱਗੇ ਰਹਿਣਗੇ। ਉਹਨਾਂ ਦੀ ਚਲੰਤ ਸ਼ਮੂਲੀਅਤ ਇਹ ਯਕੀਨੀ ਬਣਾਏਗੀ ਕਿ ਉਹਨਾਂ ਦੀ ਅਨਮੋਲ ਸੂਝ ਅਤੇ ਮੁਹਾਰਤ ਨੂੰ ਇਹ ਰਣਨੀਤੀ ਅਤੇ ਇਸਦੀ ਕਾਰਜ ਯੋਜਨਾ ਨੂੰ ਸਫ਼ਲਤਾਪੂਰਵਕ ਲਾਗੂ ਕਰਨ ਅਤੇ ਨਿਗਰਾਨੀ ਕਰਨ ਲਈ ਵਰਤਿਆ ਗਿਆ ਹੈ। ਅਸੀਂ NEDA ਵਿਖੇ ਸਕਾਰਾਤਮਕ ਤਬਦੀਲੀ ਲਿਆਉਣ ਲਈ CALD ਪਿਛੋਕੜ ਵਾਲੇ ਅਪਾਹਜ ਲੋਕਾਂ, NDIA, ਬਾਹਰੀ ਸਲਾਹਕਾਰ ਗਰੁੱਪ (EAG) ਦੇ ਮੈਂਬਰਾਂ ਅਤੇ ਹੋਰ ਹਿੱਤਧਾਰਕਾਂ ਨਾਲ ਹੱਥ ਮਿਲਾਉਣ ਲਈ ਵਚਨਬੱਧ ਹਾਂ।

ਮੈਰੀਐਨ ਕੋਸਿਕ

ਬੋਰਡ ਦੇ ਪ੍ਰਧਾਨ

# ਸਮੱਗਰੀ


1. ਜਾਣ-ਪਛਾਣ 6
2. ਸਹਿ-ਡਿਜ਼ਾਇਨ ਪਹੁੰਚ 8
   2.1 ਪ੍ਰੋਜੈਕਟ ਸੰਚਾਲਨ 8
   2.2 ਸਹਿ-ਡਿਜ਼ਾਈਨ ਪ੍ਰਕਿਰਿਆ 9
   2.3 ਸੰਚਾਲਨ ਅਤੇ ਰਿਪੋਰਟਿੰਗ 13
3. ਤਬਦੀਲੀ ਦੇ ਕਾਰਨ 15
4. ਰਣਨੀਤੀ 18
   4.1 ਬੁਨਿਆਦੀ ਢਾਂਚਾ 18
   4.2 ਸਟਾਫ਼ ਦੀ ਸਮਰੱਥਾ 20
   4.3 ਅਪੰਗਤਾ ਪਹੁੰਚਯੋਗ ਸੰਚਾਰ 21
   4.4 ਬਾਜ਼ਾਰ 22
   4.5 ਡੇਟਾ 23
   4.6 ਆਊਟਰੀਚ 24
5. ਅਗਲੇ ਕਦਮ 26
6. ਅੰਤਿਕਾ A 27
7. ਅੰਤਿਕਾ B 29
8. ਅੰਤਿਕਾ C 32

# 1. ਜਾਣ-ਪਛਾਣ

ਸੱਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਵਿਭਿੰਨ (CALD) ਭਾਈਚਾਰੇ ਆਸਟ੍ਰੇਲੀਆਈ ਸਮਾਜ ਅਤੇ ਪਛਾਣ ਦਾ ਅਨਿੱਖੜਵਾਂ ਅੰਗ ਹਨ। ਲਗਭਗ 8 ਮਿਲੀਅਨ (80 ਲੱਖ) ਆਸਟ੍ਰੇਲੀਆਈ ਲੋਕ ਵਿਦੇਸ਼ਾਂ ਵਿੱਚ ਪੈਦਾ ਹੋਏ ਹਨ, ਅਤੇ ਆਸਟ੍ਰੇਲੀਆ ਵਿੱਚ ਲਗਭਗ 300 ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ।[1]

ਜਦੋਂ ਕਿ ਸਾਰੇ ਆਸਟ੍ਰੇਲੀਆਈ ਲੋਕਾਂ ਵਿੱਚੋਂ 30% CALD ਪਿਛੋਕੜ ਤੋਂ ਪਛਾਣ ਰੱਖਦੇ ਹਨ, ਨੈਸ਼ਨਲ ਡਿਸਏਬਿਲਟੀ ਇੰਸ਼ੋਰੈਂਸ ਸਕੀਮ (NDIS) ਵਿੱਚ ਸਿਰਫ 10% ਭਾਗੀਦਾਰ ਹੀ CALD ਵਜੋਂ ਪਛਾਣ ਰੱਖਦੇ ਹਨ। CALD ਪਿਛੋਕੜ ਵਾਲੇ ਲੋਕਾਂ ਲਈ, NDIS ਬਾਰੇ ਸਿੱਖਣ, ਪਹੁੰਚ ਕਰਨ ਅਤੇ ਵਰਤਣ ਵਿੱਚ ਵਿਲੱਖਣ ਚੁਣੌਤੀਆਂ ਅਤੇ ਰੁਕਾਵਟਾਂ ਹਨ।

CALD ਭਾਗੀਦਾਰਾਂ ਲਈ ਨਤੀਜਿਆਂ ਵਿੱਚ ਸੁਧਾਰ ਕਰਨ ਲਈ, ਨੈਸ਼ਨਲ ਡਿਸਏਬਿਲਟੀ ਇੰਸ਼ੋਰੈਂਸ ਏਜੰਸੀ (NDIA) ਇੱਕ ਨਵੀਂ ਸੱਭਿਆਚਾਰਕ ਅਤੇ ਭਾਸ਼ਾਈ ਵਿਭਿੰਨਤਾ ਰਣਨੀਤੀ 2024–2028 (ਰਣਨੀਤੀ) ਅਤੇ ਕਾਰਜ ਯੋਜਨਾ ਨੂੰ ਵਿਕਸਿਤ ਕਰਨ ਲਈ ਵਚਨਬੱਧ ਹੈ।

ਇਸ ਰਣਨੀਤੀ ਨੂੰ ਵਿਕਸਿਤ ਕਰਨ ਵਿੱਚ, NDIA ਦਾ ਉਦੇਸ਼ ਹੈ:

- CALD ਭਾਈਚਾਰਿਆਂ ਲਈ NDIS ਤੱਕ ਪਹੁੰਚ ਅਤੇ ਭਾਗੀਦਾਰੀ ਨੂੰ ਵਧਾਉਣਾ
- CALD ਭਾਗੀਦਾਰਾਂ ਦੁਆਰਾ NDIS ਯੋਜਨਾਵਾਂ ਦੀ ਵਰਤੋਂ ਨੂੰ ਵਧਾਉਣਾ
- CALD ਭਾਗੀਦਾਰਾਂ ਅਤੇ ਭਾਈਚਾਰਿਆਂ ਲਈ NDIS ਅਨੁਭਵਾਂ ਨੂੰ ਬਿਹਤਰ ਬਣਾਉਣਾ, ਇਸ ਦੀਆਂ ਪ੍ਰਕਿਰਿਆਵਾਂ, ਪ੍ਰਣਾਲੀਆਂ ਅਤੇ ਸਟਾਫ਼ ਸਮੇਤ।

ਇਹ ਰਣਨੀਤੀ ਸਹਿ-ਡਿਜ਼ਾਈਨ ਦੁਆਰਾ ਤਿਆਰ ਕੀਤੀ ਗਈ ਹੈ। ਸਹਿ-ਡਿਜ਼ਾਈਨ ਵਿੱਚ CALD ਪਿਛੋਕੜ ਵਾਲੇ ਅਪਾਹਜ ਲੋਕਾਂ (CALD ਭਾਗੀਦਾਰਾਂ ਸਮੇਤ), ਉਨ੍ਹਾਂ ਦੇ ਪਰਿਵਾਰਾਂ ਅਤੇ ਦੇਖਭਾਲ ਕਰਨ ਵਾਲਿਆਂ, ਪੀਕ ਬਾਡੀਜ਼, ਅਪੰਗਤਾ ਪ੍ਰਤੀਨਿਧੀ ਸੰਸਥਾਵਾਂ ਅਤੇ ਸੇਵਾ ਪ੍ਰਦਾਤਾਵਾਂ ਨਾਲ ਰਣਨੀਤੀ ਵਿਕਸਿਤ ਕਰਨ ਦੇ ਹਰ ਪੜਾਅ 'ਤੇ ਸਹਿਯੋਗ ਕਰਨਾ ਸ਼ਾਮਲ ਹੈ।

ਨੈਸ਼ਨਲ ਐਥਨਿਕ ਡਿਸਏਬਿਲਟੀ ਅਲਾਇੰਸ (NEDA), ਰਾਸ਼ਟਰੀ ਅਪਾਹਜ ਲੋਕਾਂ ਦੀ ਇੱਕ ਸੰਸਥਾ ਨੇ CALD ਪਿਛੋਕੜ ਵਾਲੇ ਅਪਾਹਜ ਲੋਕਾਂ ਦੇ ਅਧਿਕਾਰਾਂ ਬਾਰੇ ਨਿਰੰਤਰ ਸਲਾਹ ਪ੍ਰਦਾਨ ਕੀਤੀ ਹੈ। NDIA ਨੇ CALD ਭਾਈਚਾਰਿਆਂ ਲਈ ਬਿਹਤਰ ਨਤੀਜੇ ਪ੍ਰਾਪਤ ਕਰਨ ਲਈ ਉਹਨਾਂ ਦੀ ਰਾਏ ਸੁਣਨ, ਸਿੱਖਣ ਅਤੇ ਮੱਦਦ ਕਰਨ ਲਈ ਇੱਕ ਬਾਹਰੀ ਸਲਾਹਕਾਰ ਗਰੁੱਪ (EAG) ਵੀ ਬਣਾਇਆ ਹੈ। EAG, CALD ਭਾਈਚਾਰਿਆਂ ਦੇ ਅਪੰਗਤਾ ਵਾਲੇ ਲੋਕਾਂ ਨਾਲ ਕੰਮ ਕਰਦਾ ਹੈ ਅਤੇ ਉਹਨਾਂ ਦੀ ਨੁਮਾਇੰਦਗੀ ਕਰਦਾ ਹੈ।

ਇਸ ਰਣਨੀਤੀ ਦਾ ਉਦੇਸ਼ ਸਹਿ-ਡਿਜ਼ਾਈਨ ਪ੍ਰਕਿਰਿਆ ਦੁਆਰਾ ਪਛਾਣੀਆਂ ਗਈਆਂ ਰੁਕਾਵਟਾਂ ਨੂੰ ਹੱਲ ਕਰਨਾ ਹੈ। ਇਹਨਾਂ ਰੁਕਾਵਟਾਂ ਵਿੱਚ ਸ਼ਾਮਲ ਹਨ:

- NDIS ਪ੍ਰਣਾਲੀਆਂ, ਪ੍ਰਕਿਰਿਆਵਾਂ ਅਤੇ ਸੇਵਾ ਡਿਲੀਵਰੀ ਡਿਜ਼ਾਈਨ CALD ਭਾਈਚਾਰਿਆਂ ਨੂੰ ਸ਼ਾਮਲ ਨਹੀਂ ਕਰਦੇ ਹਨ।

---

[1] ਇਸ ਦਸਤਾਵੇਜ਼ ਵਿੱਚ, 'CALD' ਉਹਨਾਂ ਲੋਕਾਂ ਨੂੰ ਦਰਸਾਉਂਦਾ ਹੈ ਜੋ ਕਿਸੇ ਵੱਖਰੇ ਸੱਭਿਆਚਾਰਕ ਜਾਂ ਭਾਸ਼ਾਈ ਪਿਛੋਕੜ ਤੋਂ ਹਨ ਜਾਂ ਉਹਨਾਂ ਵਜੋਂ ਪਛਾਣ ਰੱਖਦੇ ਹਨ। NDIA ਕੋਲ ਅਪੰਗਤਾ ਵਾਲੇ ਫਸਟ ਨੇਸ਼ਨਜ਼ ਲੋਕਾਂ ਲਈ ਨਤੀਜਿਆਂ ਨੂੰ ਬਿਹਤਰ ਬਣਾਉਣ ਲਈ ਇੱਕ ਵੱਖਰੀ ਫਸਟ ਨੇਸ਼ਨਜ਼ ਰਣਨੀਤੀ ਅਤੇ ਕਾਰਜ ਯੋਜਨਾ ਹੈ।

- NDIS ਸਟਾਫ਼ ਅਤੇ ਭਾਈਵਾਲ ਇਹ ਨਹੀਂ ਸਮਝਦੇ ਹਨ ਕਿ ਸੱਭਿਆਚਾਰਕ ਲੋੜਾਂ ਕੀ ਹਨ ਜਾਂ CALD ਭਾਈਚਾਰਿਆਂ ਨਾਲ ਸਭ ਤੋਂ ਵਧੀਆ ਤਰੀਕੇ ਨਾਲ ਕਿਵੇਂ ਜੁੜਨਾ ਹੈ।
- NDIS ਅਪੰਗਤਾ ਸੰਚਾਰ ਪਹੁੰਚਯੋਗ ਨਹੀਂ ਹਨ ਅਤੇ ਸੱਭਿਆਚਾਰ ਅਤੇ ਭਾਸ਼ਾ ਵਿੱਚ ਵਿਭਿੰਨਤਾ ਨੂੰ ਨਹੀਂ ਦਰਸਾਉਂਦੇ ਹਨ।
- ਸੱਭਿਆਚਾਰਕ ਤੌਰ 'ਤੇ ਢੁੱਕਵੀਆਂ ਅਤੇ ਸੁਰੱਖਿਅਤ ਅਪੰਗਤਾ ਸਹਾਇਤਾ ਸੇਵਾਵਾਂ ਦੀ ਉਪਲਬਧਤਾ ਸੀਮਤ ਹੈ।
- ਇੱਥੇ ਇਸ ਬਾਰੇ ਸੀਮਤ ਡੇਟਾ ਹੈ ਜੋ CALD ਭਾਗੀਦਾਰਾਂ ਦੇ ਅਨੁਭਵਾਂ ਅਤੇ ਲੋੜਾਂ ਬਾਰੇ ਸਹੀ ਢੰਗ ਨਾਲ ਜਾਣਕਾਰੀ ਦਿੰਦਾ ਹੈ।[2]

ਅਪਾਹਜ ਲੋਕਾਂ ਦੀ ਹਿੰਸਾ, ਦੁਰਵਿਵਹਾਰ, ਅਣਗਹਿਲੀ ਅਤੇ ਸ਼ੋਸ਼ਣ ਵਿੱਚ ਰੌਇਲ ਕਮਿਸ਼ਨ (ਰੌਇਲ ਕਮਿਸ਼ਨ) ਵੀ ਇਹਨਾਂ ਰੁਕਾਵਟਾਂ ਨੂੰ ਮਾਨਤਾ ਦਿੰਦਾ ਹੈ। ਰੌਇਲ ਕਮਿਸ਼ਨ ਨੇ ਲੱਭਿਆ ਹੈ ਕਿ NDIS '[CALD ਪਿਛੋਕੜ ਵਾਲੇ] ਬਹੁਤ ਸਾਰੇ ਲੋਕਾਂ ਲਈ ਪਹੁੰਚ ਕਰਨ ਲਈ' ਬਹੁਤ ਜ਼ਿਆਦਾ ਗੁੰਝਲਦਾਰ ਹੈ।[3]

ਰੌਇਲ ਕਮਿਸ਼ਨ ਨੇ ਇਹ ਵੀ ਲੱਭਿਆ ਹੈ ਕਿ CALD ਪਿਛੋਕੜ ਵਾਲੇ ਅਪੰਗਤਾ ਵਾਲੇ ਲੋਕ NDIS ਲਈ ਪਹੁੰਚ ਦੇ ਮਾਪਦੰਡਾਂ ਨੂੰ ਪੂਰਾ ਕਰਨ ਵਿੱਚ ਘੱਟ ਸਫ਼ਲਤਾ ਪ੍ਰਾਪਤ ਕਰਦੇ ਹਨ, ਉਹਨਾਂ ਦਾ ਸ਼ੋਸ਼ਣ ਕੀਤੇ ਜਾਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ ਅਤੇ ਉਹਨਾਂ ਦੀਆਂ ਖ਼ਾਸ ਸੱਭਿਆਚਾਰਕ ਅਤੇ ਭਾਸ਼ਾ ਲੋੜਾਂ ਹੁੰਦੀਆਂ ਹਨ ਜੋ ਇਹ ਪ੍ਰਣਾਲੀ ਹਮੇਸ਼ਾ ਪੂਰੀਆਂ ਨਹੀਂ ਕਰਦੀ ਹੈ। ਇਹਨਾਂ ਚੁਣੌਤੀਆਂ ਨੂੰ NDIS ਦੀ 2023 ਦੀ ਸਮੀਖਿਆ ਦੌਰਾਨ NDIS ਭਾਗੀਦਾਰਾਂ ਨਾਲ ਵਾਰਤਾਲਾਪਾਂ ਵਿੱਚ ਵੀ ਸੁਣਿਆ ਗਿਆ ਸੀ।[4]

ਇਹਨਾਂ ਰੁਕਾਵਟਾਂ ਨੂੰ ਦੂਰ ਕਰਨ ਲਈ ਇਸ ਰਣਨੀਤੀ ਵਿੱਚ ਟੀਚੇ ਅਤੇ ਕਾਰਵਾਈਆਂ ਤਿਆਰ ਕੀਤੀਆਂ ਗਈਆਂ ਹਨ। ਇਹ ਯਕੀਨੀ ਬਣਾਉਣ ਲਈ ਕਿ ਇਸ ਰਣਨੀਤੀ ਨੂੰ ਲਾਗੂ ਕੀਤਾ ਜਾ ਸਕਦਾ ਹੈ ਅਤੇ ਇਸਦੀ ਤਰੱਕੀ ਨੂੰ ਮਾਪਣ ਲਈ ਇੱਕ ਕਾਰਜ ਯੋਜਨਾ ਵੀ ਤਿਆਰ ਕੀਤੀ ਗਈ ਹੈ। ਇਸ ਰਣਨੀਤੀ ਅਤੇ ਕਾਰਜ ਯੋਜਨਾ ਦੀ ਵਰਤੋਂ CALD ਪਿਛੋਕੜ ਵਾਲੇ ਅਪੰਗਤਾ ਵਾਲੇ ਲੋਕਾਂ ਦੇ ਨਤੀਜਿਆਂ ਨੂੰ ਬਿਹਤਰ ਬਣਾਉਣ ਲਈ ਕੀਤੀ ਜਾਵੇਗੀ।

ਇਹ ਰਣਨੀਤੀ ਅਤੇ ਕਾਰਜ ਯੋਜਨਾ NDIS ਸਮੀਖਿਆ ਅਤੇ ਰੌਇਲ ਕਮਿਸ਼ਨ ਦੀਆਂ ਖੋਜਾਂ ਅਤੇ ਸਿਫ਼ਾਰਸ਼ਾਂ ਨਾਲ ਮੇਲ ਖਾਂਦੀ ਹੈ।

ਇਹ ਰਣਨੀਤੀ ਅਤੇ ਕਾਰਜ ਯੋਜਨਾ ਆਸਟ੍ਰੇਲੀਆ ਦੀ ਅਪੰਗਤਾ ਰਣਨੀਤੀ 2021–2031 ਦੇ ਉਦੇਸ਼ਾਂ ਅਨੁਸਾਰ ਇੱਕ ਸ਼ਮੂਲੀਅਤ ਭਰਿਆ ਅਤੇ ਸੱਭਿਆਚਾਰਕ ਤੌਰ 'ਤੇ ਜਵਾਬਦੇਹ NDIS ਬਣਾਉਣ ਵਿੱਚ ਯੋਗਦਾਨ ਪਾਵੇਗੀ।[5]

---

[2] NDIS, *NDIS CALD Strategy 2023 – 2027 - Discover Phase Report* [PDF 297KB], 2022.
[3] The Royal Commission into Violence, Abuse, Neglect and Exploitation of People with Disability, *ਖੋਜ ਰਿਪੋਰਟ - ਸੱਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਵਿਭਿੰਨਤਾ ਵਾਲੇ ਲੋਕਾਂ ਲਈ ਸੇਵਾਵਾਂ ਲਈ ਸਭ ਤੋਂ ਵਧੀਆ ਅਭਿਆਸ ਦੀ ਪਹੁੰਚ ਵੱਲ* [PDF 1.786KB], 2023.
[4] NDIS Review Panel, *'ਅਸੀਂ ਕੀ ਸੁਣਿਆ ਹੈ' ਰਿਪੋਰਟ*, 2023.
[5] Department of Social Services, *ਆਸਟ੍ਰੇਲੀਆ ਦੀ ਅਪੰਗਤਾ ਰਣਨੀਤੀ 2021–2031*, 2021.

# 2. ਸਹਿ-ਡਿਜ਼ਾਇਨ ਪਹੁੰਚ

NDIA ਅਪੰਗਤਾ ਵਾਲੇ ਲੋਕਾਂ ਲਈ ਬਿਹਤਰ ਨਤੀਜੇ ਪ੍ਰਦਾਨ ਕਰਨ ਲਈ ਅਰਥਪੂਰਨ ਅਤੇ ਪਹੁੰਚਯੋਗ ਤਰੀਕਿਆਂ ਵਿੱਚ ਸ਼ਾਮਲ ਹੋਣ ਲਈ ਵਚਨਬੱਧ ਹੈ। ਇਸ ਵਚਨਬੱਧਤਾ ਦਾ ਮਤਲਬ ਹੈ ਕਿ ਭਾਗੀਦਾਰਾਂ ਅਤੇ ਪਰਿਵਾਰਾਂ ਦਾ ਆਪ ਬੀਤਿਆ ਤਜਰਬਾ NDIS ਨੀਤੀ ਦੇ ਡਿਜ਼ਾਈਨ ਅਤੇ ਲਾਗੂ ਕਰਨ ਦੇ ਕੇਂਦਰ ਵਿੱਚ ਹੈ।

NDIA ਵਿਖੇ, ਸਹਿ-ਡਿਜ਼ਾਈਨ 'ਤੇ ਇੱਕ ਸਹਿਯੋਗੀ ਪ੍ਰਕਿਰਿਆ ਹੈ। ਇਸ ਵਿੱਚ ਅਪੰਗਤਾ ਵਾਲੇ ਲੋਕ, ਉਹਨਾਂ ਦੇ ਪਰਿਵਾਰ, ਉਹਨਾਂ ਦੀ ਦੇਖਭਾਲ ਕਰਨ ਵਾਲੇ ਅਤੇ ਸੈਕਟਰ ਦੇ ਮੈਂਬਰ ਅਪੰਗਤਾ ਸਹਾਇਤਾ ਅਤੇ ਸੇਵਾਵਾਂ ਨੂੰ ਡਿਜ਼ਾਈਨ ਕਰਨ ਲਈ ਮਿਲ ਕੇ ਕੰਮ ਕਰਦੇ ਹਨ। NEDA ਅਤੇ EAG ਨਾਲ ਮੁੱਖ ਸੰਬੰਧ ਇਸ ਰਣਨੀਤੀ ਦੇ ਸਹਿ-ਡਿਜ਼ਾਈਨ ਲਈ ਮਹੱਤਵਪੂਰਨ ਸਨ। ਇਹਨਾਂ ਗਰੁੱਪਾਂ ਨੇ ਇਸ ਰਣਨੀਤੀ ਦੇ ਵਿਕਾਸ ਦੌਰਾਨ ਮਾਰਗਦਰਸ਼ਨ ਅਤੇ ਮੁਹਾਰਤ ਪ੍ਰਦਾਨ ਕੀਤੀ ਹੈ।

## 2.1 ਪ੍ਰੋਜੈਕਟ ਸੰਚਾਲਨ

NEDA ਨੇ ਇਸ ਰਣਨੀਤੀ ਨੂੰ ਵਿਕਸਿਤ ਕਰਨ ਲਈ NDIA ਦੇ ਨਾਲ ਮਿਲ ਕੇ ਕੰਮ ਕੀਤਾ। ਉਹਨਾਂ ਨੇ ਪਹੁੰਚ ਬਾਰੇ ਸਲਾਹ ਅਤੇ ਫੀਡਬੈਕ ਪ੍ਰਦਾਨ ਕੀਤੀ, ਅਤੇ ਯਕੀਨੀ ਬਣਾਇਆ ਕਿ ਆਪ ਬੀਤੇ ਅਨੁਭਵ ਅਤੇ CALD ਦ੍ਰਿਸ਼ਟੀਕੋਣਾਂ ਨੇ ਇਸ ਰਣਨੀਤੀ ਦੇ ਵਿਕਾਸ ਦੇ ਹਰ ਪੜਾਅ ਨੂੰ ਸੂਚਿਤ ਕੀਤਾ ਹੈ।

NDIA ਨੇ ਇਸ ਰਣਨੀਤੀ ਦੇ ਸਹਿ-ਡਿਜ਼ਾਈਨ ਦੀ ਨਿਗਰਾਨੀ ਕਰਨ ਲਈ EAG ਦਾ ਗਠਨ ਕੀਤਾ ਹੈ। ਇਸ ਦੇ ਮੈਂਬਰ ਆਸਟ੍ਰੇਲੀਆ ਭਰ ਤੋਂ ਸਨ। ਉਹਨਾਂ ਨੇ CALD ਭਾਗੀਦਾਰਾਂ, ਅਪੰਗਤਾ ਗਰੁੱਪਾਂ, CALD ਗਰੁੱਪਾਂ ਅਤੇ CALD ਭਾਈਚਾਰਿਆਂ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਦਿਆਂ ਬਾਰੇ ਮਾਹਰ ਗਿਆਨ ਵਾਲੇ ਹੋਰ ਲੋਕਾਂ ਦੀ ਨੁਮਾਇੰਦਗੀ ਕੀਤੀ।

EAG ਜ਼ਿੰਮੇਵਾਰ ਸੀ:

- ਇਹ ਯਕੀਨੀ ਬਣਾਉਣ ਲਈ ਕਿ ਸਹਿ-ਡਿਜ਼ਾਈਨ ਵਿਧੀਆਂ ਅਤੇ ਪਹੁੰਚਾਂ ਅਪੰਗਤਾ ਪਹੁੰਚਯੋਗ ਸਨ ਤਾਂ ਜੋ CALD ਭਾਈਚਾਰਿਆਂ ਦੀ ਵਿਭਿੰਨ ਸ਼੍ਰੇਣੀ ਹਿੱਸਾ ਲੈ ਸਕੇ
- ਸ਼ਮੂਲੀਅਤ ਗਤੀਵਿਧੀਆਂ ਦੀ ਯੋਜਨਾਬੰਦੀ ਵਿੱਚ ਮਾਰਗਦਰਸ਼ਨ ਅਤੇ ਸਹਾਇਤਾ ਪ੍ਰਦਾਨ ਕਰਨ ਲਈ
- NDIS ਨੂੰ ਭਾਈਚਾਰਿਆਂ ਅਤੇ ਲੋਕਾਂ ਨਾਲ ਜੋੜਨ ਲਈ
- ਅੰਤਿਮ ਰਣਨੀਤੀ ਅਤੇ ਕਾਰਜ ਯੋਜਨਾ ਦਾ ਸਮਰਥਨ ਕਰਨ ਲਈ।

ਉਹਨਾਂ ਸੰਸਥਾਵਾਂ ਦੀ ਸੂਚੀ ਅੰਤਿਕਾ A ਵਿੱਚ ਹੈ ਜੋ EAG ਦੇ ਮੈਂਬਰ ਹਨ।

NDIA ਨੇ ਇੱਕ ਅੰਦਰੂਨੀ ਕਾਰਜ ਗਰੁੱਪ ਵੀ ਬਣਾਇਆ ਹੈ। ਇਸਦੇ ਮੈਂਬਰਾਂ ਵਿੱਚ NDIA ਵਿਚਲੇ ਸੀਨੀਅਰ ਹਿੱਤਧਾਰਕ ਸ਼ਾਮਲ ਸਨ। ਇਸ ਅੰਦਰੂਨੀ ਕਾਰਜ ਸਮੂਹ ਦੀ ਭੂਮਿਕਾ ਵਿਸ਼ੇ ਸੰਬੰਧੀ ਸਲਾਹ ਪ੍ਰਦਾਨ ਕਰਨਾ ਸੀ। ਇਹ ਗਰੁੱਪ ਰਣਨੀਤਕ ਕਾਰਵਾਈਆਂ ਨੂੰ ਲਾਗੂ ਕਰਨ ਵਿੱਚ ਵੀ ਸਹਾਇਤਾ ਪ੍ਰਦਾਨ ਕਰੇਗਾ।

## 2.2 ਸਹਿ-ਡਿਜ਼ਾਈਨ ਪ੍ਰਕਿਰਿਆ

ਇਹ ਰਣਨੀਤੀ CALD ਪਿਛੋਕੜ ਵਾਲੇ ਅਪੰਗਤਾ ਵਾਲੇ ਲੋਕਾਂ, ਪੀਕ ਬਾਡੀਜ਼, ਅਪੰਗਤਾ ਪ੍ਰਤੀਨਿਧੀ ਸੰਸਥਾਵਾਂ, ਸੈਕਟਰ ਪ੍ਰਤੀਨਿਧਾਂ, ਵਕਾਲਤ ਸੰਸਥਾਵਾਂ, ਸੇਵਾ ਪ੍ਰਦਾਤਾਵਾਂ ਅਤੇ NDIS ਸਟਾਫ਼ ਦੇ ਨਾਲ ਸਹਿ-ਡਿਜ਼ਾਇਨ ਕੀਤੀ ਗਈ ਸੀ। ਸਹਿ-ਡਿਜ਼ਾਈਨ ਪ੍ਰਕਿਰਿਆ ਨੇ NDIA ਸ਼ਮੂਲੀਅਤ ਫਰੇਮਵਰਕ ਦੀ ਪਾਲਣਾ ਕੀਤੀ ਹੈ।[6]

ਸਹਿ-ਡਿਜ਼ਾਈਨ ਪ੍ਰਕਿਰਿਆ 3 ਪੜਾਵਾਂ ਦੀ ਪਾਲਣਾ ਕਰਦੀ ਹੈ।

1. **ਖੋਜ ਪੜਾਅ** ਵਿੱਚ CALD ਭਾਗੀਦਾਰਾਂ ਦੁਆਰਾ ਦਰਪੇਸ਼ ਚੁਣੌਤੀਆਂ ਨੂੰ ਸਮਝਣਾ ਸ਼ਾਮਲ ਹੈ।
2. **ਵਿਕਾਸ ਪੜਾਅ** ਵਿੱਚ CALD ਭਾਗੀਦਾਰਾਂ ਅਤੇ ਹਿੱਤਧਾਰਕਾਂ ਦੇ ਨਾਲ ਹੱਲ ਵਿਕਸਿਤ ਕਰਨਾ ਸ਼ਾਮਲ ਹੈ।
3. **ਡਿਲੀਵਰ ਅਤੇ ਮੁਲਾਂਕਣ ਪੜਾਅ ਵਿੱਚ** CALD ਰਣਨੀਤੀ ਅਤੇ ਕਾਰਜ ਯੋਜਨਾ ਪ੍ਰਦਾਨ ਕਰਨਾ, ਫਿਰ ਅਗਲੇ 4 ਸਾਲਾਂ ਵਿੱਚ ਨਤੀਜਿਆਂ ਦੀ ਨਿਗਰਾਨੀ ਅਤੇ ਮੁਲਾਂਕਣ ਕਰਨਾ ਸ਼ਾਮਲ ਹੈ।

### ਖੋਜ ਪੜਾਅ

ਖੋਜ ਪੜਾਅ ਅਕਤੂਬਰ 2021 ਵਿੱਚ ਸ਼ੁਰੂ ਹੋਇਆ ਸੀ। ਇਸ ਖੋਜ ਪੜਾਅ ਦਾ ਉਦੇਸ਼ CALD ਪਿਛੋਕੜ ਵਾਲੇ ਲੋਕਾਂ ਦੁਆਰਾ NDIS ਤੱਕ ਪਹੁੰਚ ਅਤੇ ਵਰਤੋਂ ਕਰਨ ਵੇਲੇ ਦਰਪੇਸ਼ ਚੁਣੌਤੀਆਂ ਨੂੰ ਸਮਝਣਾ ਸੀ। CALD ਪਿਛੋਕੜ ਵਾਲੇ ਅਪਾਹਜ ਲੋਕਾਂ, ਉਨ੍ਹਾਂ ਦੇ ਪਰਿਵਾਰਾਂ, ਉਨ੍ਹਾਂ ਦੇ ਦੇਖਭਾਲ ਕਰਨ ਵਾਲਿਆਂ ਅਤੇ EAG ਨਾਲ ਦੋ ਵਰਕਸ਼ਾਪਾਂ, 6 ਫੋਕਸ ਗਰੁੱਪ ਅਤੇ 12 ਵਨ-ਟੂ-ਵਨ ਚਰਚਾਵਾਂ ਆਯੋਜਿਤ ਕੀਤੀਆਂ ਗਈਆਂ ਸਨ।

CALD ਭਾਗੀਦਾਰਾਂ ਨਾਲ ਗੱਲਬਾਤ ਵਿੱਚ ਲਗਾਤਾਰ ਸੁਣੀਆਂ ਗਈਆਂ ਚੁਣੌਤੀਆਂ ਨੂੰ ਤਰਜੀਹੀ ਖੇਤਰਾਂ ਵਿੱਚ ਵੰਡਿਆ ਗਿਆ ਸੀ। NDIA ਅਤੇ NEDA ਨੇ ਇਹ ਯਕੀਨੀ ਬਣਾਉਣ ਲਈ ਮਿਲ ਕੇ ਕੰਮ ਕੀਤਾ ਹੈ ਕਿ ਇਸ ਰਣਨੀਤੀ ਅਤੇ ਕਾਰਜ ਯੋਜਨਾ ਦੇ ਟੀਚੇ ਇਹਨਾਂ ਤਰਜੀਹੀ ਖੇਤਰਾਂ ਨੂੰ ਸੰਬੋਧਿਤ ਕਰਦੇ ਹਨ।

NEDA ਅਤੇ EAG ਤਰਜੀਹੀ ਖੇਤਰਾਂ ਅਤੇ ਟੀਚਿਆਂ 'ਤੇ ਸਹਿਮਤ ਹੋਏ। ਫਿਰ ਉਹਨਾਂ ਨੇ ਇਹਨਾਂ ਨੂੰ 2022 ਦੇ ਸ਼ੁਰੂ ਵਿੱਚ ਵੱਖ-ਵੱਖ ਫੋਰਮਾਂ ਅਤੇ ਵਿਚਾਰ-ਵਟਾਂਦਰੇ ਦੁਆਰਾ EAG ਨਾਲ ਸਾਂਝਾ ਕੀਤਾ। ਇਹ ਤਰਜੀਹੀ ਖੇਤਰ 2022 ਵਿੱਚ ਖੋਜ ਰਿਪੋਰਟ ਵਿੱਚ ਪ੍ਰਕਾਸ਼ਿਤ ਕੀਤੇ ਗਏ ਸਨ ਅਤੇ ਇਸ ਰਣਨੀਤੀ ਦਸਤਾਵੇਜ਼ ਦੇ ਸੈਕਸ਼ਨ 3 ਵਿੱਚ ਹਨ।[7]

### ਵਿਕਾਸ ਪੜਾਅ

ਵਿਕਾਸ ਪੜਾਅ ਅਕਤੂਬਰ 2022 ਤੋਂ ਅਕਤੂਬਰ 2023 ਤੱਕ ਹੋਇਆ। ਇਸ ਵਿੱਚ ਟੀਚਿਆਂ ਨੂੰ ਸੰਬੋਧਿਤ ਕਰਨ ਲਈ ਕਾਰਵਾਈਆਂ ਅਤੇ ਹੱਲਾਂ ਦੀ ਪਛਾਣ ਕਰਨਾ ਸ਼ਾਮਲ ਸੀ। ਇਸ ਪੜਾਅ ਦੌਰਾਨ ਲੋਕਾਂ ਨੂੰ ਖੋਜ ਪੜਾਅ ਵਿੱਚ ਪਛਾਣੀਆਂ ਗਈਆਂ ਚੁਣੌਤੀਆਂ ਲਈ ਵਿਹਾਰਕ ਹੱਲਾਂ ਜਾਂ ਆਦਰਸ਼ ਨਤੀਜਿਆਂ 'ਤੇ ਧਿਆਨ ਕੇਂਦਰਿਤ ਕਰਨ ਲਈ ਕਿਹਾ ਗਿਆ ਸੀ।

---

[6] NDIS, *NDIA ਸ਼ਮੂਲੀਅਤ ਫਰੇਮਵਰਕ*, 2022.
[7] NDIS, *NDIS CALD ਰਣਨੀਤੀ 2022–2027 - ਖੋਜ ਪੜਾਅ ਰਿਪੋਰਟ* [PDF 297KB], 2022.

NDIA ਨੇ CALD ਪਿਛੋਕੜ ਵਾਲੇ ਅਪੰਗਤਾ ਵਾਲੇ 800 ਤੋਂ ਵੱਧ ਲੋਕਾਂ ਦੇ ਨਾਲ-ਨਾਲ ਉਹਨਾਂ ਦੇ ਪਰਿਵਾਰਾਂ, ਉਹਨਾਂ ਦੀ ਦੇਖਭਾਲ ਕਰਨ ਵਾਲਿਆਂ ਅਤੇ CALD ਸੈਕਟਰ ਨਾਲ ਕੰਮ ਕੀਤਾ। NDIA ਲਈ ਬਹੁਤ ਸਾਰੇ ਵੱਖ-ਵੱਖ ਸ਼ਮੂਲੀਅਤ ਸਮਾਗਮ ਅਤੇ ਗਤੀਵਿਧੀਆਂ ਪ੍ਰਦਾਨ ਕਰਨਾ ਮਹੱਤਵਪੂਰਨ ਸੀ। ਇਸਨੇ ਯਕੀਨੀ ਬਣਾਇਆ ਕਿ CALD ਪਿਛੋਕੜ ਵਾਲੇ ਅਪੰਗਤਾ ਵਾਲੇ ਲੋਕ NDIS ਨੂੰ ਬਿਹਤਰ ਬਣਾਉਣ ਲਈ ਆਪਣੇ ਤਜ਼ਰਬਿਆਂ ਅਤੇ ਵਿਚਾਰਾਂ ਨੂੰ ਸਾਂਝਾ ਕਰਨ ਲਈ ਸਮਰਥਨ ਮਹਿਸੂਸ ਕਰਦੇ ਹਨ।

ਇਹਨਾਂ ਸ਼ਮੂਲੀਅਤ ਦੇ ਤਰੀਕਿਆਂ ਵਿੱਚ ਸ਼ਾਮਲ ਹਨ:

- ਫੋਕਸ ਗਰੁੱਪ
- ਭਾਈਚਾਰਕ ਵਾਰਤਾਲਾਪਾਂ
- ਰਾਸ਼ਟਰੀ ਹਿੱਤਧਾਰਕ ਸ਼ਮੂਲੀਅਤ ਮੀਟਿੰਗਾਂ
- ਜਨਤਕ ਜਾਣਕਾਰੀ ਸੈਸ਼ਨ।

ਵਿਕਾਸ ਪੜਾਅ ਦੇ ਦੌਰਾਨ ਸ਼ਮੂਲੀਅਤ ਕਰਨ ਵਾਲੇ ਵਿਅਕਤੀਆਂ ਅਤੇ ਸੰਸਥਾਵਾਂ ਨੇ ਕਈ ਕਿਸਮ ਦੀਆਂ ਅਪੰਗਤਾ ਕਿਸਮਾਂ, CALD ਪਿਛੋਕੜ, ਭੂਗੋਲਿਕ ਸਥਾਨਾਂ ਅਤੇ ਉਮਰਾਂ ਦੀ ਨੁਮਾਇੰਦਗੀ ਕੀਤੀ। ਨੁਮਾਇੰਦਗੀ ਕੀਤੇ ਗਏ ਸੱਭਿਆਚਾਰਕ ਅਤੇ ਭਾਸ਼ਾ ਗਰੁੱਪਾਂ ਵਿੱਚ ਸ਼ਾਮਲ ਸਨ:

- ਨਵੇਂ ਅਤੇ ਉੱਭਰ ਰਹੇ ਸੱਭਿਆਚਾਰ ਅਤੇ ਭਾਸ਼ਾ ਗਰੁੱਪ (ਉਹ ਗਰੁੱਪ ਜੋ ਹਾਲ ਹੀ ਵਿੱਚ ਆਸਟ੍ਰੇਲੀਆ ਵਿੱਚ ਆਏ ਜਾਂ ਵਸੇ ਹਨ)
- ਮਾਨਵਤਾਵਾਦੀ ਪ੍ਰਵਾਸੀ ਅਤੇ ਸ਼ਰਨਾਰਥੀ
- d/Deaf, ਬੋਲ਼ੇ ਅਤੇ ਅੰਨ੍ਹੇ, ਅਤੇ ਸੁਣਨ ਵਿੱਚ ਸਮੱਸਿਆ ਵਾਲੇ ਭਾਈਚਾਰੇ
- ਬਹੁ-ਸੱਭਿਆਚਾਰਕ ਯੁਵਾ ਭਾਈਚਾਰਾ।

ਸ਼ਮੂਲੀਅਤ ਕਰਨ ਵਾਲੇ ਸੱਭਿਆਚਾਰਕ ਅਤੇ ਭਾਸ਼ਾ ਗਰੁੱਪਾਂ ਦੀ ਪੂਰੀ ਸੂਚੀ ਲਈ ਕਿਰਪਾ ਕਰਕੇ ਅੰਤਿਕਾ B ਵੇਖੋ।

### ਫੋਕਸ ਗਰੁੱਪ

ਫੋਕਸ ਗਰੁੱਪ 2022 ਦੇ ਅਖੀਰ ਵਿੱਚ ਸ਼ੁਰੂ ਹੋਏ ਸਨ। ਉਹਨਾਂ ਨੇ ਖੋਜ ਪੜਾਅ ਵਿੱਚ ਸਹਿਮਤ ਹੋਏ ਤਰਜੀਹੀ ਖੇਤਰਾਂ ਨਾਲ ਜੁੜੇ 6 ਵਿਸ਼ਿਆਂ ਨੂੰ ਸ਼ਾਮਲ ਕੀਤਾ।

ਹਰੇਕ ਫੋਕਸ ਗਰੁੱਪ ਦੀ ਸਹਿ-ਅਗਵਾਈ ਇੱਕ EAG ਮੈਂਬਰ ਦੁਆਰਾ ਕੀਤੀ ਗਈ ਸੀ ਅਤੇ CALD ਭਾਗੀਦਾਰਾਂ, ਉਹਨਾਂ ਦੇ ਪਰਿਵਾਰ, ਉਹਨਾਂ ਦੇ ਦੇਖਭਾਲ ਕਰਨ ਵਾਲੇ, ਸੈਕਟਰ ਦੇ ਪ੍ਰਤੀਨਿਧ ਅਤੇ NDIA ਦੇ ਵਿਸ਼ਾ-ਵਿਸ਼ੇਸ਼ ਮਾਹਿਰਾਂ ਨੇ ਭਾਗ ਲਿਆ ਸੀ।

ਕੁੱਲ ਮਿਲਾ ਕੇ, 38 ਲੋਕ 6 ਵੱਖ-ਵੱਖ ਫੋਕਸ ਗਰੁੱਪਾਂ ਵਿੱਚ ਸ਼ਾਮਲ ਹੋਏ। ਹਰ ਗਰੁੱਪ ਕੁੱਲ 3 ਵਾਰ ਮਿਲਿਆ।

ਫੋਕਸ ਗਰੁੱਪਾਂ ਦਾ ਉਦੇਸ਼ ਖੋਜ ਪੜਾਅ ਤੋਂ ਲਏ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਕਾਰਵਾਈਆਂ ਅਤੇ ਹੱਲ ਨੂੰ ਵਰਕਸ਼ਾਪ ਕਰਨਾ ਸੀ।

## ਭਾਈਚਾਰਕ ਵਾਰਤਾਲਾਪਾਂ

ਭਾਈਚਾਰਕ ਵਾਰਤਾਲਾਪਾਂ 2023 ਦੇ ਸ਼ੁਰੂ ਵਿੱਚ ਹੋਈਆਂ ਸਨ। ਇਹ ਗ਼ੈਰ-ਰਸਮੀ ਸਨ, ਜ਼ਿਆਦਾਤਰ CALD ਭਾਈਚਾਰਿਆਂ ਦੇ ਅਪੰਗਤਾ ਵਾਲੇ ਲੋਕਾਂ ਦੇ ਨਾਲ ਨਿੱਜੀ ਰੂਪ ਦੇ ਵਿੱਚ ਇਕੱਠੇ ਹੋ ਕੇ ਕੀਤੀਆਂ ਸਨ।

ਵਾਰਤਾਲਾਪਾਂ ਉਹਨਾਂ ਦੇ ਭਾਈਚਾਰੇ ਦੇ ਇੱਕ ਅਜਿਹੇ ਭਰੋਸੇਮੰਦ ਮੈਂਬਰ ਦੁਆਰਾ ਚਲਾਈਆਂ ਗਈਆਂ ਸਨ ਜਿਸਦਾ ਇਸ ਗਰੁੱਪ ਨਾਲ ਮੌਜੂਦਾ ਸੰਬੰਧ ਸੀ। ਇਹਨਾਂ ਵਾਰਤਾਲਾਪਾਂ ਦਾ ਉਦੇਸ਼ ਉਹਨਾਂ ਲੋਕਾਂ ਤੋਂ ਰਾਏ ਸੁਣਨਾ ਸੀ ਜਿੰਨ੍ਹਾਂ ਨਾਲ NDIS ਰਵਾਇਤੀ ਤੌਰ 'ਤੇ ਚੰਗੀ ਤਰ੍ਹਾਂ ਨਹੀਂ ਜੁੜਿਆ ਹੋਇਆ ਹੈ, ਅਤੇ ਉਹ ਲੋਕ ਜੋ ਔਨਲਾਈਨ ਘੱਟ ਸ਼ਾਮਲ ਹੋਣ ਦੀ ਸੰਭਾਵਨਾ ਰੱਖਦੇ ਹਨ।

ਦੇਸ਼ ਭਰ ਵਿੱਚ ਹੋਈਆਂ 15 ਵਾਰਤਾਲਾਪਾਂ ਵਿੱਚ ਕੁੱਲ ਮਿਲਾ ਕੇ ਲਗਭਗ 150 ਲੋਕਾਂ ਨੇ ਹਿੱਸਾ ਲਿਆ। ਇਹਨਾਂ ਵਾਰਤਾਲਾਪਾਂ ਵਿੱਚ NDIA ਦੀ ਭੂਮਿਕਾ ਰਾਏ ਸੁਣਨ ਦੀ ਸੀ।

ਇਹਨਾਂ ਵਿੱਚੋਂ ਬਹੁਤ ਸਾਰੀਆਂ ਵਾਰਤਾਲਾਪਾਂ ਵੱਖੋ-ਵੱਖਰੀਆਂ ਭਾਸ਼ਾਵਾਂ ਵਿੱਚ ਸਨ। ਅਜਿਹੇ ਮਾਮਲਿਆਂ ਵਿੱਚ, ਗ਼ੈਰ-ਪਛਾਣਯੋਗ ਲਿਪੀਅੰਤਰ ਦਾ ਅੰਗਰੇਜ਼ੀ ਵਿੱਚ ਅਨੁਵਾਦ ਕੀਤਾ ਗਿਆ ਸੀ। ਇਹਨਾਂ ਵਾਰਤਾਲਾਪਾਂ ਵਿੱਚ ਫੋਕਸ ਗਰੁੱਪਾਂ ਵਿੱਚ ਵਿਚਾਰੀਆਂ ਗਈਆਂ ਸਿੱਖਿਆਵਾਂ ਅਤੇ ਕਾਰਵਾਈਆਂ 'ਤੇ ਹੋਰ ਚਰਚਾ ਸ਼ਾਮਲ ਹੈ। ਇਸਨੇ ਇਹ ਯਕੀਨੀ ਬਣਾਇਆ ਕਿ ਕਾਰਵਾਈਆਂ CALD ਪਿਛੋਕੜ ਵਾਲੇ ਅਪੰਗਤਾ ਵਾਲੇ ਲੋਕਾਂ, ਉਹਨਾਂ ਦੇ ਪਰਿਵਾਰਾਂ ਅਤੇ ਉਹਨਾਂ ਦੇ ਦੇਖਭਾਲ ਕਰਨ ਵਾਲਿਆਂ ਦੀਆਂ ਵੱਡੀ ਗਿਣਤੀ ਲੋੜਾਂ ਨੂੰ ਦਰਸਾਉਂਦੀਆਂ ਹਨ।

## ਜਾਣਕਾਰੀ ਸੈਸ਼ਨ

ਫਰਵਰੀ 2023 ਵਿੱਚ ਜਨਤਾ ਲਈ ਵਰਚੁਅਲ ਜਾਣਕਾਰੀ ਸੈਸ਼ਨ ਹੋਏ। ਇਹਨਾਂ ਸੈਸ਼ਨਾਂ ਦੇ ਦੌਰਾਨ, NDIA ਨੇ ਫੋਕਸ ਗਰੁੱਪਾਂ ਅਤੇ ਭਾਈਚਾਰਕ ਵਾਰਤਾਲਾਪਾਂ ਦੇ ਨਤੀਜਿਆਂ ਨੂੰ ਸਾਂਝਾ ਕੀਤਾ। ਇਹ ਸੈਸ਼ਨ ਇਸ ਗੱਲ 'ਤੇ ਕੇਂਦ੍ਰਿਤ ਸਨ ਕਿ CALD ਪਿਛੋਕੜ ਵਾਲੇ ਅਪੰਗਤਾ ਵਾਲੇ ਲੋਕਾਂ ਲਈ NDIS ਨੂੰ ਕਿਵੇਂ ਸੁਧਾਰਿਆ ਜਾ ਸਕਦਾ ਹੈ।

ਹਾਜ਼ਰ ਹੋਣ ਵਾਲਿਆਂ ਵਿੱਚ ਆਸਟ੍ਰੇਲੀਆ ਭਰ ਤੋਂ ਆਮ ਲੋਕ ਸ਼ਾਮਲ ਹੋਏ ਸਨ। ਉਹ ਵੱਖੋ-ਵੱਖ ਸੱਭਿਆਚਾਰਕ ਅਤੇ ਭਾਸ਼ਾ ਪਿਛੋਕੜ ਤੋਂ ਸਨ ਅਤੇ ਉਨ੍ਹਾਂ ਨੂੰ ਆਪਣਾ ਅਪਾਹਜਤਾ ਦਾ ਅਨੁਭਵ ਸੀ।

ਹਾਜ਼ਰ ਹੋਣ ਵਾਲਿਆਂ ਨੂੰ ਈਮੇਲ, ਸਰਵੇਖਣ ਜਵਾਬ ਜਾਂ ਡਾਕ ਰਾਹੀਂ ਆਪਣੇ ਫੀਡਬੈਕ, ਵਿਚਾਰ ਅਤੇ ਅਨੁਭਵ ਸਾਂਝੇ ਕਰਨ ਲਈ ਉਤਸ਼ਾਹਿਤ ਕੀਤਾ ਗਿਆ ਸੀ।

3 ਸੈਸ਼ਨਾਂ ਵਿੱਚ ਲਗਭਗ 500 ਲੋਕਾਂ ਨੇ ਭਾਗ ਲਿਆ ਸੀ। ਹਾਜ਼ਰ ਹੋਣ ਵਾਲਿਆਂ ਨੇ ਸਰਵੇਖਣ ਦੇ ਜਵਾਬਾਂ, ਈਮੇਲਾਂ ਅਤੇ ਡਾਕ ਰਾਹੀਂ 140 ਲਿਖਤੀ ਬੇਨਤੀਆਂ ਜਮ੍ਹਾ ਕੀਤੀਆਂ ਸੀ।

ਇੱਕ ਜਾਣਕਾਰੀ ਸੈਸ਼ਨ ਪ੍ਰਦਾਤਾਵਾਂ ਲਈ ਵੀ ਆਯੋਜਿਤ ਕੀਤਾ ਗਿਆ ਸੀ। ਇਸ ਸੈਸ਼ਨ ਦੀ ਮੇਜ਼ਬਾਨੀ ਨੈਸ਼ਨਲ ਡਿਸਏਬਿਲਟੀ ਸਰਵਿਸਿਜ਼ (NDS) ਦੁਆਰਾ ਕੀਤੀ ਗਈ ਸੀ। ਇਸ ਵਿੱਚ ਚਰਚਾ ਕੀਤੀ ਗਈ ਕਿ NDIS ਸੇਵਾ ਪ੍ਰਦਾਤਾਵਾਂ ਨਾਲ ਸੰਬੰਧਿਤ ਮੁੱਦਿਆਂ ਅਤੇ ਹੱਲਾਂ 'ਤੇ ਧਿਆਨ-ਕੇਂਦਰਿਤ ਕਰਦਿਆਂ ਹੋਇਆ CALD ਭਾਗੀਦਾਰਾਂ ਲਈ ਕਿਵੇਂ ਕੰਮ ਕਰਦਾ ਹੈ।

## ਰਾਸ਼ਟਰੀ ਹਿੱਤਧਾਰਕ ਸ਼ਮੂਲੀਅਤ

NDIA ਨੇ 2022 ਦੇ ਅਖੀਰ ਵਿੱਚ ਲਿਖਤੀ ਸੰਚਾਰਾਂ ਜਾਂ ਵਿਅਕਤੀਗਤ ਸਲਾਹ-ਮਸ਼ਵਰੇ ਰਾਹੀਂ ਕਈ ਸੰਸਥਾਵਾਂ ਨੂੰ ਆਪਣਾ ਫੀਡਬੈਕ ਸਾਂਝਾ ਕਰਨ ਲਈ ਸੱਦਾ ਦਿੱਤਾ।

ਆਸਟ੍ਰੇਲੀਆ ਭਰ ਵਿੱਚ CALD ਭਾਈਚਾਰਿਆਂ ਦੀ ਨੁਮਾਇੰਦਗੀ ਕਰਨ ਵਾਲੀਆਂ ਲਗਭਗ 20 ਸੰਸਥਾਵਾਂ ਨਾਲ ਵਿਅਕਤੀਗਤ ਸਲਾਹ-ਮਸ਼ਵਰਾ ਕੀਤਾ ਗਿਆ। ਇਸ ਸਲਾਹ-ਮਸ਼ਵਰੇ ਵਿੱਚ ਹਿੱਸਾ ਲੈਣ ਵਾਲੀਆਂ ਸੰਸਥਾਵਾਂ ਦੀ ਸੂਚੀ ਅੰਤਿਕਾ B ਵਿੱਚ ਲੱਭੀ ਜਾ ਸਕਦੀ ਹੈ।

## 2023 CALD ਸੰਮੇਲਨ ਸਮਾਗਮ

ਸਾਰੀਆਂ ਸ਼ਮੂਲੀਅਤ ਦੀਆਂ ਗਤੀਵਿਧੀਆਂ ਦੁਆਰਾ ਸਹਿ-ਡਿਜ਼ਾਈਨ ਕੀਤੇ ਟੀਚਿਆਂ ਅਤੇ ਕਾਰਵਾਈਆਂ ਨੂੰ 2023 ਦੇ CALD ਸੰਮੇਲਨ ਵਿੱਚ EAG ਨਾਲ ਪਰਖਿਆ ਗਿਆ ਸੀ।

CALD ਸੰਮੇਲਨ ਦਾ ਉਦੇਸ਼ ਪ੍ਰਸਤਾਵਿਤ ਟੀਚਿਆਂ ਅਤੇ ਕਾਰਵਾਈਆਂ 'ਤੇ ਚਰਚਾ ਕਰਨਾ, ਉਨ੍ਹਾਂ 'ਤੇ ਚਿੰਤਨ ਕਰਨਾ ਅਤੇ ਸੋਧਣਾ ਅਤੇ ਸੁਧਾਰ ਲਈ ਕਿਸੇ ਵੀ ਪਾੜੇ ਜਾਂ ਖੇਤਰਾਂ ਦੀ ਪਛਾਣ ਕਰਨਾ ਸੀ।

## EAG ਰਣਨੀਤੀ ਸਮਰਥਨ

EAG ਨੇ ਅਗਸਤ 2023 ਵਿੱਚ ਇੱਕ ਵਰਚੁਅਲ ਮੀਟਿੰਗ ਵਿੱਚ ਅੰਤਿਮ ਡਰਾਫਟ ਰਣਨੀਤੀ ਅਤੇ ਕਾਰਜ ਯੋਜਨਾ ਦਾ ਸਮਰਥਨ ਕੀਤਾ।

EAG ਨੇ ਸਮਰਥਨ ਕੀਤਾ:

- ਇਸ ਰਣਨੀਤੀ ਲਈ ਸੰਚਾਲਨ ਪਹੁੰਚ ਦਾ
- ਇਸ ਰਣਨੀਤੀ 'ਤੇ ਨਿਗਰਾਨੀ ਅਤੇ ਰਿਪੋਰਟਿੰਗ ਲਈ ਯੋਜਨਾ ਦਾ
- ਆਪਣੀ ਚਲੰਤ ਭੂਮਿਕਾ ਦਾ।

## ਡਿਲੀਵਰ ਅਤੇ ਮੁਲਾਂਕਣ ਪੜਾਅ

ਸਹਿ-ਡਿਜ਼ਾਈਨ ਪ੍ਰਕਿਰਿਆ ਦਾ ਅੰਤਿਮ ਪੜਾਅ ਇਸ ਨਵੀਂ CALD ਰਣਨੀਤੀ ਦੀ ਡਿਲਿਵਰੀ ਕਰਨਾ, ਲਾਗੂ ਕਰਨ ਅਤੇ ਮੁਲਾਂਕਣ ਹੈ।

ਇਹ ਕਾਰਜ ਯੋਜਨਾ ਇਸ ਰਣਨੀਤੀ ਦੇ ਨਾਲ-ਨਾਲ ਚੱਲਦੀ ਹੈ। ਇਸ ਕਾਰਜ ਯੋਜਨਾ ਨੂੰ ਸਫ਼ਲਤਾਪੂਰਵਕ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ ਨਿਰੰਤਰ ਮੁਲਾਂਕਣ ਕੀਤਾ ਜਾਵੇਗਾ। ਇਹ ਕਾਰਜ ਯੋਜਨਾ ਇਸ ਲਈ ਮੁਲਾਂਕਣ ਪਹੁੰਚ ਦੀ ਰੂਪਰੇਖਾ ਦੱਸਦੀ ਹੈ। NDIA ਸਹਿ-ਡਿਜ਼ਾਈਨ ਕਰਨ ਲਈ ਵਚਨਬੱਧ ਹੈ। ਇਹ ਰਣਨੀਤੀ ਪ੍ਰਦਾਨ ਕਰਨ ਅਤੇ ਮੁਲਾਂਕਣ ਕਰਨ ਲਈ ਵੀ ਵਚਨਬੱਧ ਹੈ। NDIS ਇਹਨਾਂ ਵਚਨਬੱਧਤਾਵਾਂ ਨੂੰ ਪੂਰਾ ਕਰਕੇ CALD ਭਾਈਚਾਰਿਆਂ ਨੂੰ ਬਿਹਤਰ ਢੰਗ ਨਾਲ ਸਮਝ ਸਕਦਾ ਹੈ, ਜਵਾਬ ਦੇ ਸਕਦਾ ਹੈ ਅਤੇ ਪ੍ਰਦਾਨ ਕਰ ਸਕਦਾ ਹੈ।

## 2.3 ਸੰਚਾਲਨ ਅਤੇ ਰਿਪੋਰਟਿੰਗ

ਇਸ ਰਣਨੀਤੀ ਦੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ, ਸਪੱਸ਼ਟ ਸੰਚਾਲਨ ਅਤੇ ਜਵਾਬਦੇਹੀ ਢਾਂਚੇ ਦਾ ਗਠਨ ਕੀਤਾ ਗਿਆ ਹੈ। ਇਸ ਵਿੱਚ ਗਤੀਵਿਧੀਆਂ ਦੀ ਪਾਰਦਰਸ਼ੀ ਅਤੇ ਚਲੰਤ ਰਿਪੋਰਟਿੰਗ, ਨਿਗਰਾਨੀ ਅਤੇ ਮੁਲਾਂਕਣ ਸ਼ਾਮਲ ਹੈ। ਇਹ ਇਸ ਰਣਨੀਤੀ ਨੂੰ ਲਾਗੂ ਕਰਨ ਵਿੱਚ ਸਹਾਇਤਾ ਕਰੇਗਾ। ਇਹ EAG, CALD ਸੈਕਟਰ ਅਤੇ ਭਾਈਚਾਰਿਆਂ ਨੂੰ ਨਿਰੰਤਰ ਫੀਡਬੈਕ ਪ੍ਰਾਪਤ ਕਰਨਾ ਵੀ ਯਕੀਨੀ ਬਣਾਏਗਾ।

### ਸੰਚਾਲਨ

ਇਸ ਰਣਨੀਤੀ ਲਈ ਰਿਪੋਰਟਿੰਗ ਅਤੇ ਨਿਗਰਾਨੀ ਦੀ ਪਹੁੰਚ ਕਾਮਨਵੈਲਥ ਮੁਲਾਂਕਣ ਨੀਤੀ ਦੀ ਪਾਲਣਾ ਕਰਦੀ ਹੈ। ਇਸ ਵਿੱਚ ਡਾਟਾ ਇਕੱਠਾ ਕਰਨਾ ਅਤੇ ਤਰੱਕੀ ਨੂੰ ਮਾਪਣਾ ਸ਼ਾਮਲ ਹੈ।[8]

EAG ਦੇ ਮੈਂਬਰ ਜੋ ਇਸ ਰਣਨੀਤੀ ਦੇ ਸਹਿ-ਡਿਜ਼ਾਈਨ ਅਤੇ ਵਿਕਾਸ ਦਾ ਹਿੱਸਾ ਸਨ, ਇਸ ਵਿੱਚ ਵੀ ਸ਼ਾਮਲ ਹੋਣਗੇ ਕਿ ਇਸ ਰਣਨੀਤੀ ਨੂੰ ਕਿਵੇਂ ਲਾਗੂ ਅਤੇ ਮੁਲਾਂਕਣ ਕੀਤਾ ਜਾਂਦਾ ਹੈ। ਉਹ ਜ਼ਿੰਮੇਵਾਰ ਹਨ:

- CALD ਪਿਛੋਕੜ ਵਾਲੇ ਅਪਾਹਜ ਲੋਕਾਂ ਦੀਆਂ ਆਵਾਜ਼ਾਂ ਅਤੇ ਲੋੜਾਂ ਦੀ ਨੁਮਾਇੰਦਗੀ ਕਰਨ ਲਈ
- ਇਸ ਰਣਨੀਤੀ ਨੂੰ ਲਾਗੂ ਕਰਨ ਵਿੱਚ ਸਹਾਇਤਾ ਕਰਨ ਲਈ ਜਾਣਕਾਰੀ ਅਤੇ ਸਲਾਹ ਪ੍ਰਦਾਨ ਕਰਨ ਲਈ
- ਤਰੱਕੀ ਅਤੇ ਅੱਪਡੇਟ 'ਤੇ ਸਮੀਖਿਆ ਅਤੇ ਫੀਡਬੈਕ ਪ੍ਰਦਾਨ ਕਰਨ ਲਈ।

ਇਹ ਜ਼ਿੰਮੇਵਾਰੀਆਂ ਅਤੇ EAG ਲਈ ਉਮੀਦਾਂ ਅੱਪਡੇਟ ਕੀਤੇ ਸੰਦਰਭ ਦੀਆਂ ਸ਼ਰਤਾਂ ਦਸਤਾਵੇਜ਼ ਵਿੱਚ ਹਨ। EAG ਦੁਆਰਾ ਇਸ ਦੀ ਪੁਸ਼ਟੀ ਕੀਤੀ ਗਈ ਹੈ।

EAG ਇਹ ਯਕੀਨੀ ਬਣਾਏਗਾ ਕਿ ਇਸ ਰਣਨੀਤੀ ਨੂੰ ਲਾਗੂ ਕਰਨ ਵਿੱਚ CALD ਭਾਗੀਦਾਰਾਂ, ਅਪੰਗਤਾ ਗਰੁੱਪਾਂ, ਪੀਕ ਬਾਡੀਜ਼ ਅਤੇ CALD ਮੁੱਦਿਆਂ ਦੇ ਮਾਹਰ ਗਿਆਨ ਵਾਲੇ ਲੋਕਾਂ ਦੀ ਨੁਮਾਇੰਦਗੀ ਕੀਤੀ ਜਾਵੇ।

NDIA ਦਾ ਇੱਕ ਅੰਦਰੂਨੀ ਕਾਰਜ ਸਮੂਹ ਇਸ ਰਣਨੀਤੀ ਨੂੰ ਲਾਗੂ ਕਰਨ ਵਿੱਚ ਮੱਦਦ ਕਰੇਗਾ। ਇਹ ਗਰੁੱਪ ਇਸ ਰਣਨੀਤੀ ਦੀਆਂ ਕਾਰਵਾਈਆਂ ਦੇ ਵਿਰੁੱਧ ਫ਼ੈਸਲੇ ਲੈਣ, ਤਾਲਮੇਲ ਕਰਨ, ਤਰੱਕੀ ਮਾਪਣ ਅਤੇ ਤਰੱਕੀ ਬਾਰੇ ਰਿਪੋਰਟ ਕਰਨ ਲਈ ਜ਼ਿੰਮੇਵਾਰ ਹੈ।

[8] Department of the Treasury, *ਕਾਮਨਵੈਲਥ ਮੁਲਾਂਕਣ ਨੀਤੀ*, 2021.

## ਰਿਪੋਰਟਿੰਗ ਅਤੇ ਨਿਗਰਾਨੀ

NDIA ਤਰੱਕੀ ਦਿਖਾਉਣ ਲਈ EAG, CALD ਸੈਕਟਰ ਅਤੇ ਭਾਈਚਾਰਿਆਂ ਨੂੰ ਨਿਯਮਤ ਅੱਪਡੇਟ ਪ੍ਰਦਾਨ ਕਰੇਗਾ। ਇਹਨਾਂ ਵਿੱਚ ਸ਼ਾਮਲ ਹਨ:

- **ਸਲਾਨਾ ਤਰੱਕੀ ਰਿਪੋਰਟਾਂ** ਜੋ ਰਣਨੀਤੀ ਦੀਆਂ ਕਾਰਵਾਈਆਂ ਅਤੇ ਨਤੀਜਿਆਂ ਵੱਲ ਤਰੱਕੀ ਦੀ ਰੂਪਰੇਖਾ ਤਿਆਰ ਕਰਨਗੀਆਂ। ਇਹਨਾਂ ਰਿਪੋਰਟਾਂ ਵਿੱਚ ਤਰੱਕੀ ਮਾਪਕਾਂ ਬਾਰੇ ਅੱਪਡੇਟ ਸ਼ਾਮਲ ਹੋਣਗੇ। ਉਹ NDIS ਦੀ ਵੈੱਬਸਾਈਟ 'ਤੇ ਪ੍ਰਕਾਸ਼ਿਤ ਕੀਤੇ ਜਾਣਗੇ।
- **ਅਰਧ-ਸਾਲਾਨਾ ਤਰੱਕੀ ਅੱਪਡੇਟ** ਜੋ ਹਰੇਕ ਕਾਰਵਾਈ ਪ੍ਰਤੀ ਤਰੱਕੀ ਦੀ ਸੰਖੇਪ ਜਾਣਕਾਰੀ ਪ੍ਰਦਾਨ ਕਰਨਗੇ। ਇਹ ਅੱਪਡੇਟ EAG ਨੂੰ ਪ੍ਰਦਾਨ ਕੀਤਾ ਜਾਵੇਗਾ।

CALD ਪਿਛੋਕੜ ਵਾਲੇ ਅਪੰਗਤਾ ਵਾਲੇ ਲੋਕ, EAG ਅਤੇ CALD ਸੈਕਟਰ ਇਹ ਯਕੀਨੀ ਬਣਾਉਣ ਲਈ ਫੀਡਬੈਕ ਦੇਣਾ ਜਾਰੀ ਰੱਖਣਗੇ ਕਿ ਇਹ ਰਣਨੀਤੀ ਅਤੇ ਕਾਰਜ ਯੋਜਨਾ ਅੱਪ-ਟੂ-ਡੇਟ ਰਹੇ ਅਤੇ ਇਹ CALD ਭਾਈਚਾਰਿਆਂ ਦੀਆਂ ਲੋੜਾਂ ਨੂੰ ਪੂਰਾ ਕਰਨਾ ਜਾਰੀ ਰੱਖੇ। ਨਤੀਜੇ ਵਜੋਂ, ਇਸ ਫੀਡਬੈਕ ਨੂੰ ਦਰਸਾਉਣ ਲਈ ਕਾਰਵਾਈਆਂ, ਨਤੀਜਿਆਂ ਅਤੇ ਸੂਚਕਾਂ ਵਿੱਚ ਸੁਧਾਰ ਕੀਤਾ ਜਾ ਸਕਦਾ ਹੈ। ਸਲਾਨਾ ਰਿਪੋਰਟਾਂ ਅਤੇ ਤਰੱਕੀ ਅੱਪਡੇਟ ਕਿਸੇ ਵੀ ਅਜਿਹੀ ਤਬਦੀਲੀ ਦਾ ਵੇਰਵਾ ਦੇਣਗੇ।

ਇਹ ਕਾਰਜ-ਯੋਜਨਾ, ਹਰੇਕ ਛੋਟੀ, ਦਰਮਿਆਨੀ ਅਤੇ ਲੰਮੀ ਮਿਆਦ ਦੀ ਕਾਰਵਾਈ ਲਈ ਨਤੀਜਿਆਂ ਅਤੇ ਤਰੱਕੀ ਮਾਪਕਾਂ ਦੀ ਰੂਪਰੇਖਾ ਦੱਸਦੀ ਹੈ।

# 3. ਤਬਦੀਲੀ ਦੇ ਕਾਰਨ

ਸਹਿ-ਡਿਜ਼ਾਈਨ ਪ੍ਰਕਿਰਿਆ ਦੀ ਸ਼ੁਰੂਆਤ ਵਿੱਚ, CALD ਭਾਗੀਦਾਰਾਂ, ਉਨ੍ਹਾਂ ਦੇ ਪਰਿਵਾਰਾਂ ਅਤੇ ਉਨ੍ਹਾਂ ਦੇ ਦੇਖਭਾਲ ਕਰਨ ਵਾਲਿਆਂ ਨਾਲ ਫੋਕਸ ਗਰੁੱਪਾਂ, ਗਰੁੱਪ ਚਰਚਾਵਾਂ ਅਤੇ ਇੱਕ-ਨਾਲ-ਇੱਕ ਵਿਅਕਤੀ ਦੀ ਗੱਲਬਾਤ ਦੀ ਲੜੀ ਕੀਤੀ ਗਈ। ਇਨ੍ਹਾਂ ਵਿੱਚ ਭਾਗ ਲੈਣ ਵਾਲੇ ਲੋਕਾਂ ਨੇ NDIS ਤੱਕ ਪਹੁੰਚ ਕਰਨ ਅਤੇ ਇਸਦੀ ਵਰਤੋਂ ਕਰਦੇ ਸਮੇਂ ਆਪਣੇ ਅਨੁਭਵਾਂ ਅਤੇ ਚੁਣੌਤੀਆਂ ਨੂੰ ਸਾਂਝਾ ਕੀਤਾ।

ਉਹ ਚੁਣੌਤੀਆਂ ਜੋ ਸਭ ਤੋਂ ਵੱਧ ਵਾਰ ਦੱਸੀਆਂ ਗਈਆਂ ਸਨ, ਖੋਜ ਪੜਾਅ ਰਿਪੋਰਟ ਵਿੱਚ ਲੱਭੀਆਂ ਜਾ ਸਕਦੀਆਂ ਹਨ।[9] ਇਸ ਰਿਪੋਰਟ ਨੂੰ EAG ਦੁਆਰਾ ਸਹਾਇਤਾ ਅਤੇ ਸਮਰਥਨ ਦਿੱਤਾ ਗਿਆ ਸੀ।

ਇਹਨਾਂ ਚੁਣੌਤੀਆਂ ਨੂੰ ਤਰਜੀਹੀ ਖੇਤਰਾਂ ਵਿੱਚ ਵੰਡਿਆ ਗਿਆ ਹੈ:

## ਤਰਜੀਹੀ ਖੇਤਰ 1: ਬੁਨਿਆਦੀ ਢਾਂਚਾ

NDIS ਨੀਤੀਆਂ, ਪ੍ਰਕਿਰਿਆਵਾਂ ਅਤੇ ਪ੍ਰਣਾਲੀਆਂ ਸਾਰੇ ਭਾਗੀਦਾਰਾਂ ਦੀਆਂ ਸੱਭਿਆਚਾਰਕ ਅਤੇ ਭਾਸ਼ਾ ਲੋੜਾਂ ਨੂੰ ਨਹੀਂ ਦਰਸਾਉਂਦੀਆਂ ਹਨ।

ਇਹ ਚੁਣੌਤੀਆਂ ਹਨ:

- ਆਸਟ੍ਰੇਲੀਆ ਦੀ ਅਪੰਗਤਾ ਪ੍ਰਣਾਲੀ ਅਤੇ NDIS ਨੂੰ ਸਮਝਣਾ ਅਤੇ ਵਰਤਣਾ ਮੁਸ਼ਕਲ ਹੈ।
- NDIS ਪ੍ਰਣਾਲੀਆਂ ਅਤੇ ਪ੍ਰਕਿਰਿਆਵਾਂ CALD ਭਾਈਚਾਰਿਆਂ ਵਿੱਚ ਮੌਜੂਦ ਸੱਭਿਆਚਾਰਾਂ, ਪਰੰਪਰਾਵਾਂ, ਅਪੰਗਤਾ ਦੀ ਸਮਝ ਅਤੇ ਪਰਿਵਾਰਕ ਭੂਮਿਕਾਵਾਂ ਨੂੰ ਮਾਨਤਾ ਨਹੀਂ ਦਿੰਦੀਆਂ ਹਨ।

## ਤਰਜੀਹੀ ਖੇਤਰ 2: ਸਟਾਫ਼ ਸਮਰੱਥਾ

NDIS ਸਟਾਫ਼ ਅਤੇ ਭਾਈਵਾਲ ਲਗਾਤਾਰ ਅਜਿਹੀਆਂ ਸੇਵਾਵਾਂ ਪ੍ਰਦਾਨ ਨਹੀਂ ਕਰਦੇ ਹਨ ਜੋ ਸਾਰੇ ਸੱਭਿਆਚਾਰਾਂ ਲਈ ਸੁਰੱਖਿਅਤ ਅਤੇ ਸ਼ਮੂਲੀਅਤ ਵਾਲੀਆਂ ਹਨ।

ਇਹ ਚੁਣੌਤੀਆਂ ਹਨ:

- CALD ਭਾਗੀਦਾਰਾਂ ਅਤੇ ਉਹਨਾਂ ਦੇ, ਨਾਮਜ਼ਦ ਵਿਅਕਤੀਆਂ, ਪਰਿਵਾਰਾਂ ਅਤੇ ਦੇਖਭਾਲ ਕਰਨ ਵਾਲਿਆਂ ਦੀ NDIS ਅਤੇ ਭਾਈਵਾਲ ਸਟਾਫ਼ ਤੱਕ ਪਹੁੰਚ ਨਹੀਂ ਹੈ ਜੋ ਉਹਨਾਂ ਦੀਆਂ ਸੱਭਿਆਚਾਰਕ ਲੋੜਾਂ ਨੂੰ ਸਮਝਦੇ ਹਨ ਜਾਂ ਸੇਵਾਵਾਂ ਨੂੰ ਪ੍ਰਭਾਵਸ਼ਾਲੀ ਅਤੇ ਸੁਰੱਖਿਅਤ ਅਤੇ ਅਰਥਪੂਰਨ ਤਰੀਕੇ ਨਾਲ ਪ੍ਰਦਾਨ ਕਰਦੇ ਹਨ।

---

[9] NDIS, *NDIS CALD Strategy 2023–2027 - Discover Phase Report* [PDF 297KB], 2022.

## ਤਰਜੀਹੀ ਖੇਤਰ 3: ਅਪੰਗਤਾ ਪਹੁੰਚਯੋਗ ਸੰਚਾਰ

NDIA ਦੁਆਰਾ ਸਾਂਝੀ ਕੀਤੀ ਗਈ ਜਾਣਕਾਰੀ ਨੂੰ ਸਾਰੇ ਸੱਭਿਆਚਾਰਾਂ ਅਤੇ ਭਾਸ਼ਾਵਾਂ ਲਈ ਸਮਝਣਾ ਆਸਾਨ ਨਹੀਂ ਹੈ।

ਇਹ ਚੁਣੌਤੀਆਂ ਹਨ:

- NDIS ਬਾਰੇ ਸਾਂਝੇ ਕੀਤੇ ਗਏ ਸੰਚਾਰ ਗੁੰਝਲਦਾਰ ਹੁੰਦੇ ਹਨ। ਹੋਰ ਭਾਸ਼ਾਵਾਂ ਵਿੱਚ ਅਨੁਵਾਦ ਕੀਤੇ ਜਾਣ 'ਤੇ ਵੀ, ਉਹ ਹਮੇਸ਼ਾ CALD ਭਾਈਚਾਰਿਆਂ ਦੀਆਂ ਲੋੜਾਂ ਨੂੰ ਪੂਰਾ ਨਹੀਂ ਕਰਦੇ ਹਨ।
- NDIS ਸਟਾਫ਼ ਅਤੇ ਭਾਈਵਾਲਾਂ ਵੱਲੋਂ ਬਿਨੈਕਾਰਾਂ ਅਤੇ ਭਾਗੀਦਾਰਾਂ ਨਾਲ ਸੰਚਾਰ ਕਰਨ ਦੇ ਸੀਮਤ ਤਰੀਕੇ ਹਮੇਸ਼ਾ ਉਹਨਾਂ ਤਰੀਕਿਆਂ ਨੂੰ ਨਹੀਂ ਦਰਸਾਉਂਦੇ ਹਨ, ਜਿਨ੍ਹਾਂ ਨਾਲ CALD ਭਾਈਚਾਰਿਆਂ ਨੂੰ ਸ਼ਾਮਿਲ ਕੀਤੇ ਜਾਣ ਦੀ ਲੋੜ ਹੁੰਦੀ ਹੈ, ਜਾਂ ਉਹਨਾਂ ਤਰੀਕਿਆਂ ਨੂੰ ਜਿਨ੍ਹਾਂ ਨਾਲ ਉਹ ਸ਼ਾਮਿਲ ਕੀਤੇ ਜਾਣਾ ਚਾਹੁੰਦੇ ਹਨ।

## ਤਰਜੀਹੀ ਖੇਤਰ 4: ਬਾਜ਼ਾਰ

ਇੱਥੇ CALD ਭਾਗੀਦਾਰਾਂ ਦੀਆਂ ਲੋੜਾਂ ਨੂੰ ਪੂਰਾ ਕਰਦੀਆਂ ਕਾਫ਼ੀ ਸਹਾਇਤਾਵਾਂ ਅਤੇ ਸੇਵਾਵਾਂ ਨਹੀਂ ਹਨ।

ਇਹ ਚੁਣੌਤੀਆਂ ਹਨ:

- CALD ਭਾਗੀਦਾਰਾਂ ਨੂੰ ਸੇਵਾਵਾਂ ਦੀ ਪਛਾਣ ਕਰਨ ਅਤੇ ਚੁਣਨ ਵਿੱਚ ਸਹਾਇਤਾ ਨਹੀਂ ਦਿੱਤੀ ਜਾਂਦੀ ਹੈ।
- ਸੇਵਾ ਪ੍ਰਦਾਤਾ ਸੱਭਿਆਚਾਰਕ ਤੌਰ 'ਤੇ ਵਿਸ਼ੇਸ਼, ਸੰਵੇਦਨਸ਼ੀਲ ਅਤੇ ਸੁਰੱਖਿਅਤ ਸਹਾਇਤਾਵਾਂ ਅਤੇ ਸੇਵਾਵਾਂ ਨੂੰ ਉਤਸ਼ਾਹਿਤ ਕਰਨ ਲਈ ਸਮਰਥਿਤ ਨਹੀਂ ਹਨ।

## ਤਰਜੀਹ ਖੇਤਰ 5: ਡੇਟਾ

NDIA ਦੁਆਰਾ ਵਰਤੇ ਜਾਂਦੇ ਡੇਟਾ ਨੂੰ CALD ਭਾਗੀਦਾਰਾਂ ਅਤੇ ਉਹਨਾਂ ਨੂੰ ਲੋੜੀਂਦੀ ਸਹਾਇਤਾ ਦੀ ਬਿਹਤਰ ਸਮਝ ਪ੍ਰਾਪਤ ਕਰਨ ਲਈ ਸੁਧਾਰੇ ਜਾਣ ਦੀ ਲੋੜ ਹੈ।

ਇਹ ਚੁਣੌਤੀਆਂ ਹਨ:

- NDIS ਦੁਆਰਾ ਵਰਤੀ ਜਾਂਦੀ 'CALD' ਸ਼ਬਦ ਦੀ ਪਰਿਭਾਸ਼ਾ CALD ਪਿਛੋਕੜ ਵਾਲੇ ਲੋਕਾਂ ਦੀ ਸਹੀ ਪਛਾਣ ਲਈ ਕਾਫ਼ੀ ਵਿਆਪਕ ਨਹੀਂ ਹੈ। ਇਸ ਵਿੱਚ ਸੱਭਿਆਚਾਰਕ ਅਤੇ ਭਾਸ਼ਾ ਵਿਸ਼ੇਸ਼ਤਾਵਾਂ ਨੂੰ ਪੂਰੀ ਤਰ੍ਹਾਂ ਸ਼ਾਮਲ ਨਹੀਂ ਕਰਦਾ ਹੈ।
- ਹਿੱਤਧਾਰਕ CALD ਭਾਗੀਦਾਰਾਂ ਬਾਰੇ ਜਨਤਕ ਤੌਰ 'ਤੇ ਉਪਲਬਧ NDIS ਡੇਟਾ, ਅਤੇ ਇਸ ਡੇਟਾ ਨੂੰ ਕਿਵੇਂ ਵਰਤਣਾ ਹੈ, ਬਾਰੇ ਜਾਣੂ ਨਹੀਂ ਹਨ।

ਪਹਿਲੇ 5 ਤਰਜੀਹੀ ਖੇਤਰਾਂ ਨੇ ਵਿਕਾਸ ਪੜਾਅ ਦੇ ਦੌਰਾਨ, CALD ਭਾਈਚਾਰਿਆਂ ਨਾਲ ਗੱਲਬਾਤ ਅਤੇ ਸ਼ਮੂਲੀਅਤ ਨੂੰ ਮਾਰਗਦਰਸ਼ਨ ਕਰਨ ਵਿੱਚ ਮੱਦਦ ਕੀਤੀ।

ਇੱਕ ਛੇਵਾਂ ਤਰਜੀਹੀ ਖੇਤਰ, 'ਆਊਟਰੀਚ', ਵਿਕਾਸ ਪੜਾਅ ਵਿੱਚ ਸ਼ਮੂਲੀਅਤ ਦੌਰਾਨ ਸ਼ਾਮਲ ਕੀਤਾ ਗਿਆ ਸੀ।

ਇਹ ਤਰਜੀਹੀ ਖੇਤਰ ਮਿਲੀ ਫੀਡਬੈਕ ਦੇ ਜਵਾਬ ਵਿੱਚ ਜੋੜਿਆ ਗਿਆ ਸੀ ਕਿ NDIS ਨੂੰ ਉਹਨਾਂ CALD ਲੋਕਾਂ ਦੀ ਬਿਹਤਰ ਸਹਾਇਤਾ ਕਰਨ ਦੀ ਲੋੜ ਹੈ ਜੋ ਅਜੇ ਵੀ NDIS ਬਾਰੇ ਸਿੱਖ ਰਹੇ ਹਨ, ਜਾਂ ਅਜੇ ਤੱਕ NDIS ਬਾਰੇ ਨਹੀਂ ਜਾਣਦੇ ਹਨ।

## ਤਰਜੀਹੀ ਖੇਤਰ 6: ਆਊਟਰੀਚ

ਸਾਰੇ ਸੱਭਿਆਚਾਰਾਂ, ਭਾਸ਼ਾਵਾਂ ਅਤੇ ਭਾਈਚਾਰਿਆਂ ਦੇ ਲੋਕਾਂ ਦੇ NDIS ਤੱਕ ਪਹੁੰਚਣ ਅਤੇ ਉਹਨਾਂ ਨਾਲ ਜੁੜਨ ਲਈ ਸੀਮਤ ਸਹਾਇਤਾਵਾਂ ਅਤੇ ਸੇਵਾਵਾਂ ਉਪਲਬਧ ਹਨ।

ਇਹ ਚੁਣੌਤੀਆਂ ਹਨ:

- CALD ਪਿਛੋਕੜ ਵਾਲੇ ਅਪੰਗਤਾ ਵਾਲੇ ਬਹੁਤ ਸਾਰੇ ਲੋਕਾਂ ਨੂੰ ਅਜਿਹੀ ਜਾਣਕਾਰੀ ਪ੍ਰਦਾਨ ਨਹੀਂ ਕੀਤੀ ਜਾਂਦੀ ਜੋ ਉਹਨਾਂ ਨੂੰ NDIS ਯੋਗਤਾ ਅਤੇ ਅਰਜ਼ੀ ਪ੍ਰਕਿਰਿਆ ਨੂੰ ਸਮਝਣ ਦੇ ਯੋਗ ਬਣਾਉਂਦੀ ਹੈ। ਉਹ ਜਾਣਕਾਰੀ ਤੱਕ ਪਹੁੰਚ ਕਰਨ ਵਿੱਚ ਰੁਕਾਵਟਾਂ ਦਾ ਵੀ ਅਨੁਭਵ ਕਰਦੇ ਹਨ।
- CALD ਪਿਛੋਕੜ ਵਾਲੇ ਅਪੰਗਤਾ ਵਾਲੇ ਬਹੁਤ ਸਾਰੇ ਲੋਕਾਂ ਨੂੰ ਅਪੰਗਤਾ ਅਤੇ ਸਹਾਇਤਾ ਪ੍ਰਾਪਤ ਕਰਨ ਦਾ ਸਹੀ ਸਮਾਂ ਕਦੋਂ ਹੋ ਸਕਦਾ ਹੈ, ਇਸ ਬਾਰੇ ਵੱਖੋ-ਵੱਖਰੀ ਸਮਝ ਹੁੰਦੀ ਹੈ।
- NDIS ਨੂੰ ਸਮਝਣ ਲਈ CALD ਪਿਛੋਕੜ ਵਾਲੇ ਅਪਾਹਜ ਲੋਕਾਂ ਦੀ ਸਹਾਇਤਾ ਕਰਨ ਲਈ ਸਰੋਤਾਂ (ਉਹਨਾਂ ਦੀ ਭਾਸ਼ਾ ਵਿੱਚ ਸਮੱਗਰੀ ਸਮੇਤ) ਤੱਕ ਸੀਮਤ ਪਹੁੰਚ ਹੁੰਦੀ ਹੈ।

### ਵਿਆਪਕ ਚੁਣੌਤੀਆਂ

ਹਰੇਕ ਤਰਜੀਹੀ ਖੇਤਰ ਵਿੱਚ ਸੂਚੀਬੱਧ ਚੁਣੌਤੀਆਂ ਨੇ ਇਸ ਰਣਨੀਤੀ ਵਿਚਲੀਆਂ ਕਾਰਵਾਈਆਂ ਅਤੇ ਟੀਚਿਆਂ ਦੇ ਸਹਿ-ਡਿਜ਼ਾਈਨ ਲਈ ਮਾਰਗਦਰਸ਼ਨ ਕੀਤਾ ਹੈ (ਸੈਕਸ਼ਨ 4 ਵਿੱਚ ਵਿਸਥਾਰ ਸਹਿਤ)।

ਇਸ ਰਣਨੀਤੀ ਅਤੇ ਕਾਰਜ ਯੋਜਨਾ ਦੇ ਵਿਕਾਸ ਦੌਰਾਨ, CALD ਭਾਗੀਦਾਰਾਂ, ਉਹਨਾਂ ਦੇ ਪਰਿਵਾਰਾਂ ਅਤੇ ਉਹਨਾਂ ਦੇ ਦੇਖਭਾਲ ਕਰਨ ਵਾਲਿਆਂ ਨੇ NDIS ਦੇ ਨਾਲ ਉਹਨਾਂ ਵੱਲੋਂ ਅਨੁਭਵ ਹੋਣ ਵਾਲੇ ਵਿਆਪਕ ਮੁੱਦਿਆਂ ਅਤੇ ਚੁਣੌਤੀਆਂ ਬਾਰੇ ਵੀ ਚਰਚਾ ਕੀਤੀ ਹੈ।

ਇਹ ਮੁੱਦੇ ਉਹਨਾਂ ਚੁਣੌਤੀਆਂ ਨੂੰ ਵਧਾਉਂਦੇ ਹਨ ਜੋ CALD ਭਾਈਚਾਰੇ ਪਹਿਲਾਂ ਹੀ ਅਨੁਭਵ ਕਰ ਰਹੇ ਹਨ। ਇਹਨਾਂ ਮੁੱਦਿਆਂ 'ਤੇ ਵੇਰਵੇ ਅੰਤਿਕਾ C ਵਿੱਚ ਲੱਭੇ ਜਾ ਸਕਦੇ ਹਨ।

# 4. ਰਣਨੀਤੀ

ਇਸ ਰਣਨੀਤੀ ਦਾ ਉਦੇਸ਼ 6 ਤਰਜੀਹੀ ਖੇਤਰਾਂ ਨੂੰ ਹੱਲ ਕਰਕੇ CALD ਭਾਗੀਦਾਰਾਂ ਲਈ ਨਤੀਜਿਆਂ ਨੂੰ ਬਿਹਤਰ ਬਣਾਉਣਾ ਹੈ:

1. ਬੁਨਿਆਦੀ ਢਾਂਚਾ
2. ਸਟਾਫ਼ ਦੀ ਸਮਰੱਥਾ
3. ਅਪੰਗਤਾ ਪਹੁੰਚਯੋਗ ਸੰਚਾਰ
4. ਬਾਜ਼ਾਰ
5. ਡੇਟਾ
6. ਆਊਟਰੀਚ।

ਇਹਨਾਂ 6 ਖੇਤਰਾਂ ਵਿੱਚੋਂ ਹਰ ਇੱਕ ਦੇ ਟੀਚੇ ਅਤੇ ਕਾਰਵਾਈਆਂ ਹਨ।

- **ਟੀਚੇ:** ਉਹ ਲੰਬੇ ਸਮੇਂ ਦੇ ਨਤੀਜੇ ਹਨ ਜੋ NDIA ਪ੍ਰਾਪਤ ਕਰਨਾ ਚਾਹੁੰਦਾ ਹੈ।
- **ਕਾਰਵਾਈਆਂ:** ਇਹਨਾਂ ਟੀਚਿਆਂ ਨੂੰ ਪ੍ਰਾਪਤ ਕਰਨ ਲਈ NDIA ਕੀ ਕਰੇਗਾ।

28 ਕਾਰਵਾਈਆਂ ਵਿਕਸਿਤ ਕੀਤੀਆਂ ਗਈਆਂ ਹਨ ਅਤੇ ਇਹ CALD ਪਿਛੋਕੜ ਵਾਲੇ ਅਪਾਹਜ ਲੋਕਾਂ, ਉਹਨਾਂ ਦੇ ਪਰਿਵਾਰਾਂ ਅਤੇ ਦੇਖਭਾਲ ਕਰਨ ਵਾਲਿਆਂ, NEDA, EAG ਅਤੇ ਸੈਕਟਰ ਦੇ ਹੋਰ ਨੁਮਾਇੰਦਿਆਂ ਦੇ ਨਾਲ ਮਿਲ ਕੇ ਲਾਗੂ ਕੀਤੀਆਂ ਜਾਣਗੀਆਂ।

ਇਸ ਰਣਨੀਤੀ ਨੂੰ ਕਾਰਵਾਈਆਂ ਨੂੰ ਲਾਗੂ ਕਰਨ, ਨਿਗਰਾਨੀ ਕਰਨ ਅਤੇ ਰਿਪੋਰਟ ਕਰਨ ਦੀ ਅਗਵਾਈ ਕਰਨ ਲਈ ਇੱਕ ਵੱਖਰੀ ਕਾਰਜ-ਯੋਜਨਾ ਦੁਆਰਾ ਸਹਾਇਤਾ ਦਿੱਤੀ ਗਈ ਹੈ।

## 4.1 ਬੁਨਿਆਦੀ ਢਾਂਚਾ

ਬੁਨਿਆਦੀ ਢਾਂਚਾ ਸੱਭਿਆਚਾਰਕ ਅਤੇ ਭਾਸ਼ਾ ਲੋੜਾਂ ਦੇ NDIS ਅਤੇ ਭਾਈਵਾਲ ਪ੍ਰਣਾਲੀਆਂ, ਨੀਤੀਆਂ ਅਤੇ ਪ੍ਰਕਿਰਿਆਵਾਂ ਵਿੱਚ ਨਿਰਮਾਣ ਕੀਤੇ ਜਾਣ ਬਾਰੇ ਹੈ।

## ਟੀਚਾ 1

NDIA 'ਸੱਭਿਆਚਾਰਕ ਸੁਰੱਖਿਆ' ਅਤੇ 'ਸੱਭਿਆਚਾਰਕ ਤੌਰ 'ਤੇ ਢੁੱਕਵੀਂ ਅਤੇ ਸੰਵੇਦਨਸ਼ੀਲ ਸੇਵਾ' ਦੀਆਂ ਸਹਿ-ਡਿਜ਼ਾਈਨ ਕੀਤੀਆਂ ਅਤੇ ਸਹਿਮਤੀ ਹੋਈਆਂ ਪਰਿਭਾਸ਼ਾਵਾਂ ਦੀ ਵਰਤੋਂ ਕਰਦਾ ਹੈ।

### ਕਾਰਵਾਈਆਂ

1. 'ਸੱਭਿਆਚਾਰਕ ਸੁਰੱਖਿਆ' ਅਤੇ 'ਸੱਭਿਆਚਾਰਕ ਤੌਰ 'ਤੇ ਢੁੱਕਵੀਂ ਅਤੇ ਸੰਵੇਦਨਸ਼ੀਲ ਸੇਵਾ' ਨੂੰ ਪਰਿਭਾਸ਼ਿਤ ਕਰਨ ਲਈ CALD ਅਪੰਗਤਾ ਭਾਈਚਾਰਿਆਂ, ਭਾਈਵਾਲਾਂ, ਪ੍ਰਦਾਤਾਵਾਂ ਅਤੇ NDIS ਕਮਿਸ਼ਨ ਨਾਲ ਮਿਲਕੇ ਕੰਮ ਕਰਨਾ।

## ਟੀਚਾ 2

NDIS ਨੀਤੀਆਂ, ਪ੍ਰਕਿਰਿਆਵਾਂ ਅਤੇ ਪ੍ਰਣਾਲੀਆਂ NDIS ਤੱਕ ਨਿਰਪੱਖ ਪਹੁੰਚ ਅਤੇ CALD ਪਿਛੋਕੜ ਵਾਲੇ ਅਪੰਗਤਾ ਵਾਲੇ ਲੋਕਾਂ ਲਈ ਯੋਜਨਾਵਾਂ ਦੀ ਵਰਤੋਂ ਨੂੰ ਸਮਰੱਥ ਬਣਾਉਂਦੀਆਂ ਹਨ।

### ਕਾਰਵਾਈਆਂ

2. ਇਹ ਯਕੀਨੀ ਬਣਾਉਣ ਲਈ NDIS ਸੰਚਾਲਨ ਦਿਸ਼ਾ-ਨਿਰਦੇਸ਼ਾਂ ਦੀ ਸਮੀਖਿਆ ਅਤੇ ਅੱਪਡੇਟ ਕਰਨਾ ਕਿ ਉਹ ਸ਼ਮੂਲੀਅਤ ਭਰੇ ਹਨ, ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਹਨ ਅਤੇ (ਕਾਰਵਾਈ 1 ਦੇ ਨਤੀਜਿਆਂ 'ਤੇ ਆਧਾਰਿਤ) ਭਾਗੀਦਾਰਾਂ ਦੀਆਂ ਸੱਭਿਆਚਾਰਕ ਅਤੇ ਭਾਸ਼ਾ ਦੀਆਂ ਲੋੜਾਂ ਨੂੰ ਪਛਾਣਦੇ ਹਨ।

3. CALD ਭਾਗੀਦਾਰਾਂ ਨੂੰ ਲੋੜੀਂਦੀਆ ਸਹਾਇਤਾਵਾਂ ਬਾਰੇ ਯੋਜਨਾਕਾਰਾਂ ਦੀ ਸਮਝ ਨੂੰ ਬਿਹਤਰ ਬਣਾਉਣ ਲਈ ਮਾਰਗਦਰਸ਼ਨ ਵਿਕਸਿਤ ਅਤੇ ਪ੍ਰਦਾਨ ਕਰਨਾ। ਇਸ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ:

    a. ਜੇਕਰ ਭਾਸ਼ਾ ਜਾਂ ਸੱਭਿਆਚਾਰ ਇੱਕ ਰੁਕਾਵਟ ਹੈ ਤਾਂ ਯੋਜਨਾ ਲਾਗੂ ਕਰਨ ਵਾਲੇ CALD ਭਾਗੀਦਾਰਾਂ ਲਈ ਸਹਾਇਤਾ
    b. CALD ਭਾਗੀਦਾਰਾਂ ਲਈ ਉਹਨਾਂ ਦੀ ਭਾਸ਼ਾ ਵਿੱਚ ਸਰੋਤਾਂ ਦੀ ਉਪਲਬਧਤਾ
    c. CALD ਭਾਗੀਦਾਰਾਂ ਲਈ ਵਧੇਰੇ ਸਮਾਜਿਕ ਅਤੇ ਭਾਈਚਾਰਕ ਭਾਗੀਦਾਰੀ ਲਈ ਫੰਡਿੰਗ
    d. ਗੱਲਬਾਤ ਕਰਨ ਦੇ ਤਰੀਕਿਆਂ ਦੀ ਵੱਧਦੀ ਵਰਤੋਂ ਜੋ ਸੱਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਅਪੰਗਤਾ ਪਹੁੰਚਯੋਗ ਹਨ।

4. ਮਾਰਗਦਰਸ਼ਨ ਵਿਕਸਿਤ ਅਤੇ ਪ੍ਰਕਾਸ਼ਿਤ ਕਰਨਾ, ਜੋ NDIS ਸਟਾਫ਼ ਅਤੇ ਭਾਈਵਾਲਾਂ ਨੂੰ NDIS ਅਰਜ਼ੀ ਪ੍ਰਕਿਰਿਆ ਦੁਆਰਾ ਸ਼ਰਨਾਰਥੀਆਂ ਅਤੇ ਨਵੇਂ ਆਏ ਪ੍ਰਵਾਸੀਆਂ ਦੀ ਸੱਭਿਆਚਾਰਕ ਤੌਰ 'ਤੇ ਢੁੱਕਵੀਂ ਅਤੇ ਸਮੇਂ ਸਿਰ ਬਿਹਤਰ ਸਹਾਇਤਾ ਕਰਨ ਵਿੱਚ ਮੱਦਦ ਕਰਦਾ ਹੈ।

5. ਸ਼ਰਨਾਰਥੀਆਂ ਅਤੇ ਨਵੇਂ ਆਏ ਪ੍ਰਵਾਸੀਆਂ ਦੀ NDIS ਤੱਕ ਪਹੁੰਚ ਕਰਨ ਲਈ ਬਿਹਤਰ ਸਹਾਇਤਾ ਕਰਨ ਲਈ ਸਰਕਾਰੀ ਏਜੰਸੀਆਂ ਨਾਲ ਕੰਮ ਕਰਨਾ। ਇਸ ਵਿੱਚ ਅਪੰਗਤਾ ਵਾਲੇ ਲੋਕਾਂ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਪਛਾਣਨ ਵਿੱਚ ਮੱਦਦ ਕਰਨ ਲਈ ਆਉਣ ਤੋਂ ਪਹਿਲਾਂ ਭਰੇ ਗਏ ਸਿਹਤ ਮੁਲਾਂਕਣਾਂ ਅਤੇ ਸਹਾਇਕ ਦਸਤਾਵੇਜ਼ਾਂ ਤੋਂ ਲਈ ਜਾਣਕਾਰੀ ਦੀ ਵਰਤੋਂ ਸ਼ਾਮਲ ਹੋ ਸਕਦੀ ਹੈ।

## ਟੀਚਾ 3

CALD ਭਾਈਚਾਰਿਆਂ ਅਤੇ ਭਾਗੀਦਾਰਾਂ ਨਾਲ NDIS ਸੰਚਾਰ ਪ੍ਰਕਿਰਿਆਵਾਂ ਸੱਭਿਆਚਾਰਕ ਤੌਰ 'ਤੇ ਢੁੱਕਵੀਆਂ, ਪ੍ਰਭਾਵਸ਼ਾਲੀ ਅਤੇ ਪਾਰਦਰਸ਼ੀ ਹਨ, ਅਤੇ ਭਰੋਸੇ ਨੂੰ ਵਧਾਉਂਦੀਆਂ ਹਨ।

### ਕਾਰਵਾਈਆਂ

6. ਪ੍ਰਕਿਰਿਆਵਾਂ ਅਤੇ ਦਿਸ਼ਾ-ਨਿਰਦੇਸ਼ਾਂ ਨੂੰ ਵਿਕਸਿਤ ਕਰਨ ਅਤੇ ਲਾਗੂ ਕਰਨ ਲਈ NDIS ਕਮਿਸ਼ਨ ਨਾਲ ਕੰਮ ਕਰਨਾ। ਇਹ CALD ਪਿਛੋਕੜ ਵਾਲੇ ਅਪੰਗਤਾ ਵਾਲੇ ਲੋਕਾਂ ਨੂੰ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਅਤੇ ਪਹੁੰਚਯੋਗ ਤਰੀਕਿਆਂ ਨਾਲ ਫੀਡਬੈਕ ਪ੍ਰਦਾਨ ਕਰਨ ਅਤੇ NDIS ਫ਼ੈਸਲਿਆਂ ਬਾਰੇ ਅਪੀਲ ਕਰਨ ਵਿੱਚ ਮੱਦਦ ਕਰਨਗੇ।

## 4.2 ਸਟਾਫ਼ ਦੀ ਸਮਰੱਥਾ

ਸਟਾਫ਼ ਦੀ ਸਮਰੱਥਾ, NDIS ਸਟਾਫ਼ ਅਤੇ ਭਾਈਵਾਲਾਂ ਬਾਰੇ ਹੈ ਜੋ ਭਾਗੀਦਾਰਾਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਅਤੇ ਸੰਵੇਦਨਸ਼ੀਲ ਸੇਵਾ ਪ੍ਰਦਾਨ ਕਰਨ ਦੀ ਸਮਝ ਅਤੇ ਯੋਗਤਾ ਰੱਖਦੇ ਹਨ।

## ਟੀਚਾ 4

NDIS ਸਟਾਫ਼ ਅਤੇ ਭਾਈਵਾਲ, ਭਾਗੀਦਾਰਾਂ ਦੀਆਂ ਸੱਭਿਆਚਾਰਕ ਅਤੇ ਭਾਸ਼ਾ ਦੀਆਂ ਲੋੜਾਂ ਨੂੰ ਸਮਝਦੇ ਹਨ ਅਤੇ ਉਹਨਾਂ ਦਾ ਜਵਾਬ ਦਿੰਦੇ ਹਨ ਅਤੇ ਇਹ ਲੋੜਾਂ ਉਹਨਾਂ ਦੀ ਅਪੰਗਤਾ ਸਹਾਇਤਾ ਨੂੰ ਕਿਵੇਂ ਪ੍ਰਭਾਵਿਤ ਕਰ ਸਕਦੀਆਂ ਹਨ।

**ਕਾਰਵਾਈਆਂ**

7. CALD ਭਾਈਚਾਰਿਆਂ, ਸਰਕਾਰੀ ਏਜੰਸੀਆਂ (NDIS ਕਮਿਸ਼ਨ ਸਮੇਤ) ਅਤੇ ਗ਼ੈਰ-ਸਰਕਾਰੀ ਸੰਸਥਾਵਾਂ ਨਾਲ NDIS ਸਟਾਫ਼ ਅਤੇ ਭਾਈਵਾਲਾਂ ਨੂੰ ਨਿਰੰਤਰ ਚੱਲਣ ਵਾਲੇ ਸਿੱਖਿਆ ਪ੍ਰੋਗਰਾਮ ਨੂੰ ਪ੍ਰਦਾਨ ਕਰਨ ਲਈ ਕੰਮ ਕਰਨਾ। ਇਹ ਪ੍ਰੋਗਰਾਮ ਸੱਭਿਆਚਾਰਕ ਅਤੇ ਭਾਸ਼ਾ ਦੀ ਜਾਗਰੂਕਤਾ (ਸਮੇਤ d/Deaf, d/deaf, ਬੋਲ਼ੇ ਅਤੇ ਅੰਨ੍ਹੇ ਅਤੇ ਸੁਣਨ ਵਿੱਚ ਸਮੱਸਿਆਵਾਂ) ਨੂੰ ਬਿਹਤਰ ਬਣਾਉਣ ਲਈ ਕੰਮ ਕਰੇਗਾ, ਅਤੇ CALD ਪਿਛੋਕੜ ਵਾਲੇ ਲੋਕਾਂ ਨਾਲ ਸੁਰੱਖਿਅਤ, ਪ੍ਰਭਾਵੀ, ਅਰਥਪੂਰਨ ਅਤੇ ਢੁੱਕਵੀਂ ਗੱਲਬਾਤ ਪ੍ਰਦਾਨ ਕਰਨ ਦੀ ਯੋਗਤਾ ਪ੍ਰਦਾਨ ਕਰੇਗਾ।
8. ਸਾਰੇ ਪੱਧਰਾਂ 'ਤੇ ਨੁਮਾਇੰਦਗੀ ਨੂੰ ਬਿਹਤਰ ਬਣਾਉਣ ਲਈ NDIA ਵਿਖੇ CALD ਪਿਛੋਕੜ ਵਾਲੇ ਲੋਕਾਂ (ਅਪੰਗਤਾ ਵਾਲੇ ਲੋਕਾਂ ਸਮੇਤ) ਲਈ ਰੁਜ਼ਗਾਰ ਦੇ ਮੌਕਿਆਂ ਦਾ ਸਮਰਥਨ ਕਰਨਾ।

## ਟੀਚਾ 5

NDIS ਸਟਾਫ਼ ਅਤੇ ਭਾਈਵਾਲ ਸਾਰੇ ਰੁਝੇਵਿਆਂ ਵਿੱਚ ਸੱਭਿਆਚਾਰਕ ਸੁਰੱਖਿਆ ਅਤੇ ਸਦਮੇ-ਸੂਚਿਤ ਕੰਮ ਕਰਨ ਦੇ ਤਰੀਕਿਆਂ ਦੀ ਵਰਤੋਂ ਕਰਦੇ ਹਨ।

**ਕਾਰਵਾਈਆਂ**

9. NDIA ਦੇ ਸਿਖਲਾਈ ਪੈਕੇਜਾਂ ਵਿੱਚ ਸੱਭਿਆਚਾਰਕ ਸੁਰੱਖਿਆ, ਨਸਲਵਾਦ-ਵਿਰੋਧੀ ਅਤੇ ਸਦਮੇ-ਸੂਚਿਤ ਕੰਮ ਕਰਨ ਦੇ ਤਰੀਕਿਆਂ ਬਾਰੇ ਸਿੱਖਿਆ ਅਤੇ ਸਿਖਲਾਈ ਨੂੰ ਸਿਰਜਣ ਲਈ CALD ਭਾਈਚਾਰਿਆਂ, ਸਰਕਾਰੀ ਏਜੰਸੀਆਂ (NDIS ਕਮਿਸ਼ਨ ਸਮੇਤ) ਅਤੇ ਗ਼ੈਰ-ਸਰਕਾਰੀ ਸੰਸਥਾਵਾਂ ਨਾਲ ਮਿਲਕੇ ਕੰਮ ਕਰਨਾ।
10. NDIS ਨਾਲ ਗੱਲਬਾਤ ਕਰਦੇ ਸਮੇਂ CALD ਪਿਛੋਕੜ ਵਾਲੇ ਅਪੰਗਤਾ ਵਾਲੇ ਲੋਕਾਂ ਦੇ ਅਨੁਭਵ ਨੂੰ ਬਿਹਤਰ ਬਣਾਉਣ ਲਈ ਦੁਭਾਸ਼ੀਏ ਅਤੇ ਹੋਰ ਭਾਸ਼ਾ ਸਹਾਇਤਾ ਦੀ ਵਰਤੋਂ 'ਤੇ NDIS ਸਟਾਫ਼ ਅਤੇ ਭਾਈਵਾਲਾਂ ਨੂੰ ਸਿਖਲਾਈ ਦੇਣਾ ਅਤੇ ਸਰੋਤ ਵਿਕਸਿਤ ਕਰਨਾ ਅਤੇ ਪ੍ਰਦਾਨ ਕਰਨਾ।

11. ਇੱਕ CALD ਸ਼ਮੂਲੀਅਤ ਯੋਜਨਾ ਅਤੇ ਪ੍ਰੋਗਰਾਮ ਵਿਕਸਿਤ ਕਰਨਾ, ਜੋ NDIS ਸਟਾਫ਼ ਲਈ ਇੱਕ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਅਤੇ ਸ਼ਮੂਲੀਅਤ ਭਰੀ ਕੰਮ ਵਾਲੀ ਥਾਂ ਦਾ ਵਿਕਾਸ ਅਤੇ ਤਰੱਕੀ ਕਰਨਾ ਜਾਰੀ ਰੱਖੇ।

12. ਕੰਮ ਕਰਨ ਦੇ ਤਰੀਕਿਆਂ ਦਾ ਇੱਕ ਭਾਈਚਾਰਾ ਸਿਰਜਣਾ, ਜੋ ਸਟਾਫ਼ ਨੂੰ ਉਹਨਾਂ ਦੇ ਹੁਨਰਾਂ ਨੂੰ ਬਿਹਤਰ ਬਣਾਉਣ ਵਿੱਚ ਮੱਦਦ ਕਰਨ ਲਈ ਗਿਆਨ ਨੂੰ ਸਾਂਝਾ ਕਰਦਾ ਹੈ ਤਾਂ ਜੋ ਉਹ d/deaf, ਬੋਲ਼ੇ ਅਤੇ ਅੰਨ੍ਹੇ ਅਤੇ ਸੁਣਨ ਵਿੱਚ ਸਮੱਸਿਆਵਾਂ ਵਾਲੇ ਭਾਈਚਾਰਿਆਂ ਦੀ ਬਿਹਤਰ ਸਹਾਇਤਾ ਕਰ ਸਕਣ। ਇਸ ਟੀਮ ਵਿੱਚ ਅਜਿਹੇ NDIS ਸਟਾਫ਼ ਅਤੇ ਭਾਈਵਾਲ ਸ਼ਾਮਲ ਹੋਣਗੇ ਜੋ ਔਸਲਾਨ ਦੀ ਵਰਤੋਂ ਕਰਨ ਵਿੱਚ ਨਿਪੁੰਨ ਹਨ। ਇਹ ਦਿਸ਼ਾ-ਨਿਰਦੇਸ਼ਾਂ, ਪ੍ਰਕਿਰਿਆਵਾਂ ਅਤੇ ਸ਼ਮੂਲੀਅਤ ਦੇ ਮੌਕਿਆਂ ਲਈ ਸਹਾਇਤਾ ਦੁਆਰਾ ਪਹੁੰਚਯੋਗਤਾ ਨੂੰ ਉਤਸ਼ਾਹਿਤ ਕਰੇਗਾ।

## 4.3 ਅਪੰਗਤਾ ਪਹੁੰਚਯੋਗ ਸੰਚਾਰ

ਪਹੁੰਚਯੋਗ ਸੰਚਾਰ NDIS ਦੁਆਰਾ ਜਾਣਕਾਰੀ ਨੂੰ ਉਹਨਾਂ ਤਰੀਕਿਆਂ ਨਾਲ ਸਾਂਝਾ ਕਰਨ ਬਾਰੇ ਹੈ, ਜੋ CALD ਭਾਗੀਦਾਰਾਂ, ਉਹਨਾਂ ਦੇ ਪਰਿਵਾਰਾਂ ਅਤੇ ਉਹਨਾਂ ਦੇ ਦੇਖਭਾਲ ਕਰਨ ਵਾਲਿਆਂ ਦੀਆਂ ਸੱਭਿਆਚਾਰਕ ਅਤੇ ਗੱਲਬਾਤ ਕਰਨ ਸੰਬੰਧੀ ਲੋੜਾਂ ਨੂੰ ਪੂਰਾ ਕਰਦਾ ਹੈ।

## ਟੀਚਾ 6

CALD ਭਾਈਚਾਰਿਆਂ ਅਤੇ ਭਾਗੀਦਾਰਾਂ ਲਈ ਪ੍ਰਭਾਵੀ ਸੰਚਾਰ ਚੈਨਲ NDIS ਦੁਆਰਾ ਪਛਾਣੇ ਅਤੇ ਵਰਤੇ ਜਾਂਦੇ ਹਨ।

### ਕਾਰਵਾਈਆਂ

13. CALD ਪਿਛੋਕੜ ਵਾਲੇ ਅਪੰਗਤਾ ਵਾਲੇ ਲੋਕਾਂ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਗੱਲਬਾਤ ਕਰਨ ਅਤੇ ਉਹਨਾਂ ਨਾਲ ਜੁੜਨ ਦੇ ਤਰੀਕਿਆਂ ਬਾਰੇ ਦਿਸ਼ਾ-ਨਿਰਦੇਸ਼ ਵਿਕਸਿਤ ਕਰਨ ਅਤੇ ਲਾਗੂ ਕਰਨ ਲਈ CALD ਭਾਈਚਾਰਿਆਂ, NDIS ਕਮਿਸ਼ਨ ਅਤੇ ਸੈਕਟਰ ਨਾਲ ਕੰਮ ਕਰਨਾ। ਇਸ ਵਿੱਚ ਆਪਣੀ ਭਾਸ਼ਾ ਵਿੱਚ, ਅਤੇ ਵੱਖ-ਵੱਖ ਚੈਨਲਾਂ, ਜਿਵੇਂ ਕਿ ਵੀਡੀਓ, ਆਡੀਓ ਅਤੇ ਪ੍ਰਿੰਟ ਰਾਹੀਂ ਜਾਣਕਾਰੀ ਸ਼ਾਮਲ ਹੁੰਦੀ ਹੈ।

14. CALD ਭਾਈਚਾਰਿਆਂ ਅਤੇ ਭਾਗੀਦਾਰਾਂ ਲਈ ਪਹੁੰਚਯੋਗਤਾ ਅਤੇ ਨੈਵੀਗੇਸ਼ਨ ਨੂੰ ਬਿਹਤਰ ਬਣਾਉਣ ਲਈ NDIS ਵੈੱਬਸਾਈਟ, myplace portal (ਮਾਈਪਲੇਸ ਪੋਰਟਲ), My NDIS application (ਮਾਈ NDIS ਐਪਲੀਕੇਸ਼ਨ), Provider finder tool (ਪ੍ਰੋਵਾਈਡਰ ਫਾਈਂਡਰ ਟੂਲ), myplace provider portal (ਮਾਈਪਲੇਸ ਪ੍ਰੋਵਾਈਡਰ ਪੋਰਟਲ) ਅਤੇ National Contact Centre (ਨੈਸ਼ਨਲ ਕੰਟੈਕਟ ਸੈਂਟਰ) ਦੀ ਸਮੀਖਿਆ ਅਤੇ ਅੱਪਡੇਟ ਕਰਨਾ। ਇਸ ਵਿੱਚ ਹੋਰ ਭਾਸ਼ਾਵਾਂ ਵਿੱਚ ਜਾਣਕਾਰੀ ਦੀ ਵਰਤੋਂ ਕਰਨਾ ਅਤੇ ਹੋਰ ਭਾਸ਼ਾਵਾਂ ਵਿੱਚ ਜਾਣਕਾਰੀ ਉਪਲਬਧ ਨਾ ਹੋਣ 'ਤੇ ਮੱਦਦ ਤੱਕ ਪਹੁੰਚ ਕਰਨਾ ਸ਼ਾਮਲ ਹੈ।

15. ਭਾਸ਼ਾ ਦਿਸ਼ਾ-ਨਿਰਦੇਸ਼ਾਂ ਨੂੰ ਵਿਕਸਿਤ ਕਰਨ, ਪ੍ਰਕਾਸ਼ਿਤ ਕਰਨ ਅਤੇ ਲਾਗੂ ਕਰਨ ਲਈ CALD ਭਾਈਚਾਰਿਆਂ, NDIS ਕਮਿਸ਼ਨ ਅਤੇ ਸੈਕਟਰ ਨਾਲ ਮਿਲਕੇ ਕੰਮ ਕਰਨਾ। ਦਿਸ਼ਾ-ਨਿਰਦੇਸ਼ਾਂ ਵਿੱਚ ਇਹ

ਦੱਸਣਾ ਚਾਹੀਦਾ ਹੈ ਕਿ CALD ਭਾਈਚਾਰਿਆਂ ਅਤੇ ਭਾਗੀਦਾਰਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ NDIS ਬਾਰੇ ਕਿਹੜੀਆਂ ਭਾਸ਼ਾਵਾਂ ਵਿੱਚ ਜਾਣਕਾਰੀ ਦਾ ਅਨੁਵਾਦ ਕੀਤਾ ਜਾਣਾ ਚਾਹੀਦਾ ਹੈ।

## ਟੀਚਾ 7

CALD ਭਾਈਚਾਰਿਆਂ ਅਤੇ ਪ੍ਰਦਾਤਾਵਾਂ ਨੂੰ ਦੁਭਾਸ਼ੀਆ ਸੇਵਾਵਾਂ ਬਾਰੇ ਜਾਣੂ ਕਰਵਾਇਆ ਜਾਂਦਾ ਹੈ, ਅਤੇ ਉਹ ਇਹਨਾਂ ਸੇਵਾਵਾਂ ਤੱਕ ਪਹੁੰਚ ਕਰ ਸਕਦੇ ਹਨ ਅਤੇ ਇਹਨਾਂ ਸੇਵਾਵਾਂ ਦੇ ਨਾਲ ਅਨੁਭਵ ਵਿੱਚ ਸੁਧਾਰ ਹੁੰਦਾ ਹੈ।

**ਕਾਰਵਾਈਆਂ**

16. CALD ਭਾਗੀਦਾਰਾਂ, ਪ੍ਰਦਾਤਾਵਾਂ ਅਤੇ ਟ੍ਰਾਂਸਲੇਟਿੰਗ ਐਂਡ ਇੰਟਰਪ੍ਰੇਟਿੰਗ ਸਰਵਿਸਿਜ਼ (TIS) ਨੂੰ NDIS ਨਾਲ ਸੰਬੰਧਿਤ ਵਿਸ਼ੇਸ਼ ਸ਼ਬਦਾਂ ਨੂੰ ਬਿਹਤਰ ਢੰਗ ਨਾਲ ਸਮਝਣ ਅਤੇ ਸੰਚਾਰ ਕਰਨ ਲਈ ਹੋਰ ਭਾਸ਼ਾਵਾਂ ਵਿੱਚ NDIS-ਵਿਸ਼ੇਸ਼ ਸ਼ਬਦਾਂ ਦੀਆਂ ਸਪਸ਼ਟ ਪਰਿਭਾਸ਼ਾਵਾਂ ਵਿਕਸਿਤ ਅਤੇ ਪ੍ਰਕਾਸ਼ਿਤ ਕਰਨਾ।
17. CALD ਭਾਈਚਾਰਿਆਂ, CALD ਭਾਗੀਦਾਰਾਂ ਅਤੇ ਪ੍ਰਦਾਤਾਵਾਂ ਲਈ ਇਸ ਬਾਰੇ ਪਹੁੰਚਯੋਗ ਜਾਣਕਾਰੀ ਵਿਕਸਿਤ ਕਰਨਾ ਅਤੇ ਦੇਣਾ ਕਿ TIS ਅਤੇ ਵਿਕਲਪਕ ਦੁਭਾਸ਼ੀਆ ਤੱਕ ਕਿਵੇਂ ਪਹੁੰਚ ਕਰਨੀ ਅਤੇ ਵਰਤਣਾ ਹੈ ਜਦੋਂ TIS ਦੁਭਾਸ਼ੀਏ ਉਪਲਬਧ ਨਹੀਂ ਹੁੰਦੇ ਹਨ।
18. ਲੰਮੀਆ ਮੀਟਿੰਗਾਂ, ਤਰਜੀਹੀ ਜਾਂ ਲੋੜੀਂਦੇ ਦੁਭਾਸ਼ੀਏ ਅਤੇ ਵਿਅਕਤੀਗਤ ਤੌਰ 'ਤੇ ਮੌਜੂਦ ਦੁਭਾਸ਼ੀਆ ਸੇਵਾਵਾਂ ਲਈ ਉਪਲਬਧ ਵਿਕਲਪਾਂ ਸਮੇਤ ਸੰਚਾਰ ਪਹੁੰਚਾਂ ਨੂੰ ਬਿਹਤਰ ਬਣਾਉਣ ਲਈ ਦੁਭਾਸ਼ੀਏ (ਔਨਲਾਈਨ ਸਮੇਤ) ਦੇ ਨਾਲ NDIS ਮੀਟਿੰਗਾਂ ਲਈ ਪ੍ਰਕਿਰਿਆਵਾਂ ਦੀ ਸਮੀਖਿਆ ਅਤੇ ਅੱਪਡੇਟ ਕਰਨਾ।

## 4.4 ਬਾਜ਼ਾਰ

ਬਾਜ਼ਾਰ ,ਸੱਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਢੁੱਕਵੀਆਂ NDIS ਸੇਵਾਵਾਂ ਦੀ ਉਪਲਬਧਤਾ ਅਤੇ ਸਪਲਾਈ ਨੂੰ ਬਿਹਤਰ ਬਣਾਉਣ ਬਾਰੇ ਹੈ। ਇਸ ਵਿੱਚ CALD ਭਾਗੀਦਾਰਾਂ ਨੂੰ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਅਤੇ ਢੁੱਕਵੀਆਂ ਸੇਵਾਵਾਂ ਪ੍ਰਦਾਨ ਕਰਨ ਵਾਲੇ ਪ੍ਰਦਾਤਾਵਾਂ ਨੂੰ ਲੱਭਣ ਲਈ ਬਿਹਤਰ ਸਹਾਇਤਾ ਪ੍ਰਦਾਨ ਕਰਨਾ ਸ਼ਾਮਲ ਹੈ।

## ਟੀਚਾ 8

NDIS ਦੀ ਵਰਤੋਂ ਕਰਨ ਅਤੇ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਅਤੇ ਢੁੱਕਵੀਆਂ ਸੇਵਾਵਾਂ ਤੱਕ ਪਹੁੰਚ ਕਰਨ ਬਾਰੇ ਜਾਣਕਾਰੀ ਪ੍ਰਭਾਵਸ਼ਾਲੀ ਢੰਗ ਨਾਲ CALD ਭਾਈਚਾਰਿਆਂ ਅਤੇ ਭਾਗੀਦਾਰਾਂ ਨੂੰ ਸੰਚਾਰਿਤ ਕੀਤੀ ਜਾਂਦੀ ਹੈ।

**ਕਾਰਵਾਈਆਂ**

19. NDIS ਪ੍ਰਦਾਤਾਵਾਂ ਨਾਲ ਜਾਣਕਾਰੀ ਵਿਕਸਿਤ ਕਰਨ ਅਤੇ ਸਾਂਝੀ ਕਰਨ ਲਈ NDIS ਕਮਿਸ਼ਨ ਨਾਲ ਮਿਲਕੇ ਕੰਮ ਕਰਨਾ। ਪ੍ਰਦਾਤਾਵਾਂ ਨਾਲ ਉਹਨਾਂ ਦੇ ਸਥਾਨਕ ਭਾਈਚਾਰੇ ਬਾਰੇ ਉਹਨਾਂ ਦੀ ਸਮਝ ਨੂੰ ਵਧਾਉਣ ਲਈ ਜੁੜਨਾ। CALD ਭਾਈਚਾਰਿਆਂ ਨੂੰ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਅਤੇ ਢੁੱਕਵੀਂ ਸਹਾਇਤਾ ਅਤੇ ਸੇਵਾਵਾਂ ਪ੍ਰਦਾਨ ਕਰਨ ਲਈ ਉਹਨਾਂ ਦੀ ਉਮੀਦ ਬਾਰੇ ਵਿਆਖਿਆ ਕਰਨਾ।

20. ਚੋਣ ਅਤੇ ਨਿਯੰਤਰਣ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਇੱਕ ਮਾਰਕੀਟਿੰਗ ਮੁਹਿੰਮ ਅਤੇ ਨਿਰੰਤਰ ਸੰਚਾਰ ਵਿਕਸਿਤ ਕਰਨ ਲਈ NDIS ਕਮਿਸ਼ਨ ਨਾਲ ਮਿਲਕੇ ਕੰਮ ਕਰਨਾ। ਇਸ ਵਿੱਚ ਇਹ ਸ਼ਾਮਲ ਹੈ ਕਿ ਕਿਵੇਂ CALD ਭਾਗੀਦਾਰ ਪ੍ਰਦਾਤਾਵਾਂ ਦੀ ਚੋਣ ਕਰ ਸਕਦੇ ਹਨ, ਪ੍ਰਦਾਤਾ ਬਦਲ ਸਕਦੇ ਹਨ, ਸੁਰੱਖਿਆ ਉਪਾਅ ਬਣਾ ਸਕਦੇ ਹਨ ਅਤੇ ਸ਼ਿਕਾਇਤਾਂ ਕਰ ਸਕਦੇ ਹਨ।
21. NDIS ਕਮਿਸ਼ਨ ਨਾਲ ਕੰਮ ਕਰਨ ਦੇ ਤਰੀਕਿਆਂ ਦੇ ਘੱਟੋ-ਘੱਟ ਮਾਪਦੰਡਾਂ ਨੂੰ ਵਿਕਸਿਤ ਕਰਨ ਲਈ ਸ਼ਾਮਲ ਹੋਣਾ, ਜਿਨ੍ਹਾਂ ਦਾ ਪ੍ਰਦਾਤਾਵਾਂ ਨੂੰ ਪਾਲਣ ਕਰਨ ਦੀ ਲੋੜ ਹੁੰਦੀ ਹੈ, ਨਾਲ ਹੀ ਗੁਣਵੱਤਾ ਦੇ ਅਜਿਹੇ ਮਾਪ ਵਿਕਸਿਤ ਕਰਨ ਲਈ ਸ਼ਾਮਲ ਹੋਣਾ ਜੋ ਇਹ ਦੱਸਦੇ ਹਨ ਕਿ ਸੱਭਿਆਚਾਰਕ ਤੌਰ 'ਤੇ ਢੁੱਕਵੀਂਆਂ ਸੇਵਾਵਾਂ ਕਿਹੋ ਜਿਹੀਆਂ ਦਿਖਾਈ ਦਿੰਦੀਆਂ ਹਨ। ਇਹ ਕੰਮ ਕਰਨ ਦੇ ਤਰੀਕਿਆਂ ਦੇ ਮਾਪਦੰਡ ਅਤੇ ਗੁਣਵੱਤਾ ਦੇ ਮਾਪਦੰਡ ਫਿਰ ਸਪਸ਼ਟ ਤੌਰ 'ਤੇ CALD ਭਾਗੀਦਾਰਾਂ ਅਤੇ ਪ੍ਰਦਾਤਾਵਾਂ ਨੂੰ ਸੂਚਿਤ ਕੀਤੇ ਜਾਂਦੇ ਹਨ।

## ਟੀਚਾ 9

ਇੱਥੇ ਵਧੇਰੇ NDIS ਪ੍ਰਦਾਤਾ ਹਨ ਜੋ ਗੁਣਵੱਤਾ ਵਾਲੀਆਂ ਸੇਵਾਵਾਂ ਪ੍ਰਦਾਨ ਕਰਦੇ ਹਨ ਜੋ ਸੱਭਿਆਚਾਰਕ ਤੌਰ 'ਤੇ ਢੁੱਕਵੀਆਂ, ਜਵਾਬਦੇਹ ਅਤੇ ਸੁਰੱਖਿਅਤ ਹਨ।

### ਕਾਰਵਾਈਆਂ

22. CALD ਭਾਈਚਾਰਕ ਸੰਸਥਾਵਾਂ ਨੂੰ ਅਪੰਗਤਾ ਸਹਾਇਤਾਵਾਂ (ਸਹਿਯੋਗ ਤਾਲਮੇਲ ਅਤੇ ਸਿੱਧੀ ਦੇਖਭਾਲ ਸਮੇਤ) ਪ੍ਰਦਾਨ ਕਰਨ ਵਿੱਚ ਪੇਸ਼ ਆਉਂਦੀਆਂ ਚੁਣੌਤੀਆਂ ਅਤੇ ਰੁਕਾਵਟਾਂ ਦੀ ਪਛਾਣ ਕਰਨਾ। ਇਹਨਾਂ ਰੁਕਾਵਟਾਂ ਨੂੰ ਦੂਰ ਕਰਨ ਲਈ ਸਰਕਾਰੀ ਏਜੰਸੀਆਂ ਅਤੇ ਸੈਕਟਰ ਨਾਲ ਮਿਲਕੇ ਕੰਮ ਕਰਨਾ।
23. ਇਸ ਬਾਰੇ ਸਰਕਾਰੀ ਏਜੰਸੀਆਂ ਅਤੇ ਹੋਰ ਭਾਗੀਦਾਰਾਂ ਨਾਲ ਕੰਮ ਕਰਨਾ ਕਿ NDIS ਅਤੇ ਅਪੰਗਤਾ ਦੇ ਅਧਿਕਾਰਾਂ ਨੂੰ ਸਮਝਣ ਵਾਲੇ ਨੈਸ਼ਨਲ ਐਕਰੀਡੀਟੇਸ਼ਨ ਅਥਾਰਟੀ ਫਾਰ ਟ੍ਰਾਂਸਲੇਟਰਜ਼ ਐਂਡ ਇੰਟਰਪ੍ਰੇਟਰਜ਼ (NAATI) ਦੁਆਰਾ ਪ੍ਰਮਾਣਿਤ ਦੁਭਾਸ਼ੀਆ ਦੀ ਗਿਣਤੀ ਨੂੰ ਕਿਵੇਂ ਵਧਾਉਣਾ ਹੈ।

## 4.5 ਡੇਟਾ

ਡੇਟਾ NDIA ਦੁਆਰਾ CALD ਭਾਗੀਦਾਰਾਂ ਅਤੇ ਉਹਨਾਂ ਦੀਆਂ ਲੋੜਾਂ ਨੂੰ ਬਿਹਤਰ ਢੰਗ ਨਾਲ ਸਮਝਣ, ਸੇਵਾਵਾਂ ਵਿੱਚ ਸੁਧਾਰ ਕਰਨ ਅਤੇ NDIS ਦੇ ਪ੍ਰਭਾਵ ਨੂੰ ਸਮਝਣ ਲਈ ਡੇਟਾ ਇਕੱਤਰ ਕਰਨ ਅਤੇ ਵਰਤਣ ਬਾਰੇ ਹੈ।

## ਟੀਚਾ 10

NDIA 'CALD' ਦੀ ਇੱਕ ਸਹਿ-ਡਿਜ਼ਾਈਨ ਕੀਤੀ ਅਤੇ ਸਹਿਮਤੀ ਵਾਲੀ ਪਰਿਭਾਸ਼ਾ ਦੀ ਵਰਤੋਂ ਕਰਦਾ ਹੈ, ਜੋ ਸਹੀ ਅਤੇ ਉਪਯੋਗੀ ਡੇਟਾ ਇਕੱਠਾ ਕਰਨ ਦਾ ਸਮਰਥਨ ਕਰਦੀ ਹੈ।

### ਕਾਰਵਾਈਆਂ

24. CALD ਦੀ ਵਧੇਰੇ ਸ਼ਮੂਲੀਅਤ ਭਰੀ ਪਰਿਭਾਸ਼ਾ ਨੂੰ ਵਿਕਸਿਤ ਅਤੇ ਪ੍ਰਕਾਸ਼ਿਤ ਕਰਨ ਲਈ CALD ਭਾਈਚਾਰਿਆਂ ਅਤੇ ਸਰਕਾਰੀ ਏਜੰਸੀਆਂ ਨਾਲ ਕੰਮ ਕਰਨਾ, ਜੋ ਸੱਭਿਆਚਾਰਕ ਅਤੇ ਭਾਸ਼ਾਈ ਵਿਰੋਧਤਾਵਾਂ

ਨੂੰ ਮਾਨਤਾ ਦਿੰਦੀ ਹੈ। ਇਸ ਪਰਿਭਾਸ਼ਾ ਦੇ ਨਾਲ ਇਕਸਾਰ ਹੋਣ ਲਈ NDIA ਡਾਟਾ ਇਕੱਤਰ ਕਰਨ ਦੇ ਤਰੀਕਿਆਂ ਨੂੰ ਅੱਪਡੇਟ ਕਰਨਾ।

## ਟੀਚਾ 11

ਡੇਟਾ ਅਤੇ ਸਬੂਤ-ਆਧਾਰਿਤ ਫ਼ੈਸਲੇ ਲੈਣ ਦੀ ਵਰਤੋਂ NDIA ਅਤੇ ਭਾਗੀਦਾਰਾਂ ਦੁਆਰਾ CALD ਭਾਗੀਦਾਰਾਂ ਲਈ ਸੇਵਾਵਾਂ, ਅਨੁਭਵਾਂ ਅਤੇ ਨਤੀਜਿਆਂ ਨੂੰ ਬਿਹਤਰ ਬਣਾਉਣ ਲਈ ਕੀਤੀ ਜਾਂਦੀ ਹੈ।

**ਕਾਰਵਾਈਆਂ**

25. NDIS ਸਟਾਫ਼, ਭਾਈਵਾਲਾਂ ਅਤੇ ਸੈਕਟਰ ਨੂੰ ਬਿਹਤਰ ਸਬੂਤ-ਆਧਾਰਿਤ ਫ਼ੈਸਲੇ ਲੈਣ ਦੇ ਯੋਗ ਬਣਾਉਣ ਲਈ CALD ਪਿਛੋਕੜ ਵਾਲੇ ਭਾਗੀਦਾਰਾਂ 'ਤੇ ਨਵੇਂ ਡੇਟਾ ਦੀ ਖੋਜ ਕਰਨਾ, ਪਛਾਣ ਕਰਨਾ ਅਤੇ ਪ੍ਰਕਾਸ਼ਿਤ ਕਰਨਾ।

## 4.6 ਆਊਟਰੀਚ

ਆਊਟਰੀਚ ਉਹਨਾਂ ਲੋਕਾਂ ਅਤੇ ਭਾਈਚਾਰਿਆਂ ਨੂੰ ਸਿੱਖਿਅਤ ਕਰਨ ਅਤੇ ਉਹਨਾਂ ਨਾਲ ਜੁੜਨ ਲਈ ਟੀਚਾਗਤ ਸਹਾਇਤਾ ਅਤੇ ਸੇਵਾਵਾਂ ਬਣਾਉਣ ਬਾਰੇ ਹੈ ਜਿਨ੍ਹਾਂ ਨਾਲ NDIA ਪਹਿਲਾਂ ਚੰਗੀ ਤਰ੍ਹਾਂ ਜੁੜਿਆ ਹੋਇਆ ਨਹੀਂ ਹੈ।

## ਟੀਚਾ 12

CALD ਭਾਈਚਾਰਿਆਂ ਵਿੱਚ NDIS ਅਤੇ ਅਪੰਗਤਾ ਬਾਰੇ ਵਧੇਰੇ ਜਾਗਰੂਕਤਾ ਅਤੇ ਸਮਝ ਹੋਣਾ। ਇਸ ਵਿੱਚ NDIS ਤੱਕ ਪਹੁੰਚ ਕਰਨ ਵਿੱਚ ਆਉਂਦੀਆਂ ਰੁਕਾਵਟ ਦੇ ਰੂਪ ਵਿੱਚ NDIS ਯੋਗਤਾ, ਅਰਜ਼ੀ ਪ੍ਰਕਿਰਿਆ ਅਤੇ ਅਪੰਗਤਾ ਬਾਰੇ ਸੰਭਾਵੀ ਕਲੰਕ ਸ਼ਾਮਲ ਹਨ।

**ਕਾਰਵਾਈਆਂ**

26. NDIS ਕਮਿਸ਼ਨ ਅਤੇ CALD ਭਾਈਚਾਰੇ ਦੇ ਨਾਲ ਮਿਲਕੇ ਕੰਮ ਕਰਨਾ ਤਾਂ ਜੋ ਟੀਚਾਗਤ CALD ਭਾਈਚਾਰਿਆਂ ਵਿੱਚ NDIS ਅਤੇ ਅਪੰਗਤਾ ਅਧਿਕਾਰਾਂ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਅਪੰਗਤਾ ਬਾਰੇ ਸੰਭਾਵੀ ਰੂੜ੍ਹੀਵਾਦੀ ਸੋਚ ਨੂੰ ਹੱਲ ਕਰਨ ਲਈ ਇੱਕ ਰਣਨੀਤੀ ਵਿਕਸਿਤ ਕੀਤੀ ਜਾ ਸਕੇ। ਇਸਨੂੰ ਹੋਰ ਭਾਸ਼ਾਵਾਂ ਵਿੱਚ ਉਪਲਬਧ ਜਾਣਕਾਰੀ ਦੇ ਨਾਲ-ਨਾਲ ਬਹੁਤ ਸਾਰੇ ਵੱਖ-ਵੱਖ ਸ਼ਮੂਲੀਅਤ ਵਾਲੇ ਚੈਨਲਾਂ ਦੀ ਵਰਤੋਂ ਕਰਨੀ ਚਾਹੀਦੀ ਹੈ।
27. ਉਹਨਾਂ ਭਾਈਚਾਰਕ ਸੰਸਥਾਵਾਂ ਤੋਂ ਗਤੀਵਿਧੀਆਂ ਪਛਾਣਨਾ, ਵਿਕਸਿਤ ਕਰਨਾ ਅਤੇ ਸਮਰਥਨ ਕਰਨਾ, ਜੋ NDIS (ਯੋਗਤਾ ਸਮੇਤ) ਪ੍ਰਤੀ ਜਾਗਰੂਕਤਾ ਨੂੰ ਉਤਸ਼ਾਹਿਤ ਕਰਦੀਆਂ ਹਨ ਅਤੇ ਟੀਚਾਗਤ CALD ਭਾਈਚਾਰਿਆਂ ਵਿੱਚ ਅਪੰਗਤਾ ਬਾਰੇ ਰੂੜ੍ਹੀਵਾਦੀ ਸੋਚ ਨੂੰ ਘਟਾਉਂਦੀਆਂ ਹਨ। ਇਹਨਾਂ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ ਲਈ ਸੈਕਟਰ ਲਈ ਸਪਸ਼ਟ ਸੰਚਾਰ ਵਿਕਸਿਤ ਕਰਨਾ, ਅਤੇ ਇਸ ਬਾਰੇ ਮਾਰਗਦਰਸ਼ਨ ਪ੍ਰਦਾਨ ਕਰਨਾ ਕਿ NDIS ਸਟਾਫ਼ ਅਤੇ ਭਾਈਵਾਲਾਂ ਨੂੰ ਕਿਵੇਂ ਸ਼ਾਮਲ ਕੀਤਾ ਜਾ ਸਕਦਾ ਹੈ ਅਤੇ ਸਹਾਇਕ ਹੋ ਸਕਦੇ ਹਨ।

28. ਮੁੱਖ ਧਾਰਾ ਦੀਆਂ ਸੇਵਾਵਾਂ (ਸਿਹਤ ਪੇਸ਼ੇਵਰਾਂ ਜਿਵੇਂ ਕਿ ਜਨਰਲ ਪ੍ਰੈਕਟੀਸ਼ਨਰ, ਸਹਿਯੋਗੀ ਸਿਹਤ ਪੇਸ਼ੇਵਰ ਅਤੇ ਮਾਹਰਾਂ ਸਮੇਤ) ਦੇ ਹੁਨਰ ਨੂੰ ਬਣਾਉਣ ਲਈ ਸੰਸਥਾਵਾਂ ਅਤੇ ਪੀਕ ਬਾਡੀਜ਼ ਨਾਲ ਮਿਲਕੇ ਕੰਮ ਕਰਨਾ। ਇਸ ਗੱਲ 'ਤੇ ਧਿਆਨ ਕੇਂਦਰਿਤ ਕਰਨਾ ਕਿ CALD ਪਿਛੋਕੜ ਵਾਲੇ ਅਪਾਹਜ ਲੋਕਾਂ ਨੂੰ NDIS ਤੱਕ ਪਹੁੰਚ ਕਰਨ ਅਤੇ ਵਰਤਣ ਲਈ ਕਿਵੇਂ ਸਹਾਇਤਾ ਕਰਨੀ ਹੈ।

# 5. ਅਗਲੇ ਕਦਮ

ਇਹ ਰਣਨੀਤੀ 2024 ਤੋਂ 2028 ਦੇ ਸ਼ੁਰੂ ਤੱਕ ਸਰਗਰਮ ਰਹੇਗੀ। ਇਸ [ਕਾਰਜ ਯੋਜਨਾ](#) ਨੂੰ ਇਸ ਰਣਨੀਤੀ ਦੇ ਨਾਲ-ਨਾਲ ਵਰਤਿਆ ਜਾਣਾ ਹੈ। ਇਹ ਦੱਸਦਾ ਹੈ ਕਿ:

- ਹਰੇਕ ਕਾਰਵਾਈ ਕਿਵੇਂ ਕੀਤੀ ਜਾਵੇਗੀ
- ਹਰੇਕ ਕਾਰਵਾਈ ਲਈ ਸਮਾਂ-ਰੇਖਾ
- ਹਰੇਕ ਕਾਰਵਾਈ ਦੇ ਸਿੱਟੇ ਵਜੋਂ ਪ੍ਰਾਪਤ ਨਤੀਜੇ
- ਤਰੱਕੀ ਨੂੰ ਮਾਪਣ ਅਤੇ ਮੁਲਾਂਕਣ ਕਰਨ ਦੇ ਉਪਾਅ

ਪਹਿਲੀ ਸਾਲਾਨਾ ਤਰੱਕੀ ਰਿਪੋਰਟ 2024 ਦੇ ਅਖੀਰ ਵਿੱਚ ਪ੍ਰਕਾਸ਼ਿਤ ਕੀਤੀ ਜਾਵੇਗੀ। ਇਹ ਰਣਨੀਤੀ ਦੀਆਂ ਕਾਰਵਾਈਆਂ ਅਤੇ ਨਤੀਜਿਆਂ ਨੂੰ ਪ੍ਰਾਪਤ ਕਰਨ ਵੱਲ ਹੋਈ ਤਰੱਕੀ ਨੂੰ ਦਿਖਾਏਗੀ। NDIA ਇਸ ਪ੍ਰਕਿਰਿਆ ਦੇ ਹਿੱਸੇ ਵਜੋਂ EAG ਅਤੇ ਹੋਰ ਹਿੱਤਧਾਰਕਾਂ ਤੋਂ ਫੀਡਬੈਕ ਨੂੰ ਸੱਦਾ ਦੇਵੇਗੀ।

ਸਮੇਂ ਦੇ ਬੀਤਣ ਨਾਲ ਫੀਡਬੈਕ ਨੂੰ ਸੁਣਨ ਅਤੇ ਸਿੱਖਣ ਦਾ ਮਤਲਬ ਹੈ ਕਿ NDIA ਅਪੰਗਤਾ ਅਤੇ CALD ਸੈਕਟਰਾਂ ਵਿਚਲੀਆਂ ਤਬਦੀਲੀਆਂ ਅਤੇ ਫੀਡਬੈਕ ਪ੍ਰਤੀ ਸੰਵੇਦਨਸ਼ੀਲ ਹੋ ਕੇ CALD ਭਾਗੀਦਾਰਾਂ ਦੀਆਂ ਲੋੜਾਂ ਨੂੰ ਪੂਰਾ ਕਰਨਾ ਜਾਰੀ ਰੱਖ ਸਕਦਾ ਹੈ।

ਇਸ ਰਣਨੀਤੀ ਦੇ ਚਲੰਤ ਨਿਗਰਾਨੀ ਅਤੇ ਰਿਪੋਰਟਿੰਗ ਕੰਮ ਦਿਖਾਉਣਗੇ ਕਿ NDIS ਕਿਵੇਂ CALD ਪਿਛੋਕੜ ਵਾਲੇ ਅਪੰਗਤਾ ਵਾਲੇ ਲੋਕਾਂ ਲਈ ਨਤੀਜਿਆਂ ਵਿੱਚ ਸੁਧਾਰ ਕਰ ਰਿਹਾ ਹੈ, ਅਤੇ ਸੁਧਾਰ ਲਈ ਖੇਤਰਾਂ ਦੀ ਪਛਾਣ ਕਰੇਗਾ।

NDIA CALD ਪਿਛੋਕੜ ਵਾਲੇ ਅਪਾਹਜ ਲੋਕਾਂ, ਉਹਨਾਂ ਦੇ ਪਰਿਵਾਰਾਂ ਅਤੇ ਦੇਖਭਾਲ ਕਰਨ ਵਾਲਿਆਂ, ਪੀਕ ਬਾਡੀਜ਼, ਅਪੰਗਤਾ ਪ੍ਰਤੀਨਿਧੀ ਸੰਸਥਾਵਾਂ, ਅਤੇ ਸੇਵਾ ਪ੍ਰਦਾਤਾਵਾਂ ਨਾਲ ਨੇੜਿਓਂ ਕੰਮ ਕਰਨਾ ਜਾਰੀ ਰੱਖਣ ਲਈ ਵਚਨਬੱਧ ਹੈ। NDIA ਇਹ ਯਕੀਨੀ ਬਣਾਉਣ ਲਈ ਅਜਿਹਾ ਕਰੇਗਾ ਕਿ ਇਹ ਰਣਨੀਤੀ CALD ਭਾਈਚਾਰਿਆਂ ਦੀਆਂ ਲੋੜਾਂ ਅਤੇ ਅਪੰਗਤਾ ਅਤੇ CALD ਸੈਕਟਰਾਂ ਨੂੰ ਭਵਿੱਖ ਵਿੱਚ ਜਵਾਬ ਦੇ ਸਕੇ।

# 6. ਅੰਤਿਕਾ A

## ਬਾਹਰੀ ਸਲਾਹਕਾਰ ਗਰੁੱਪ ਮੈਂਬਰਸ਼ਿਪ ਸੂਚੀ (ਸੰਸਥਾ ਦੁਆਰਾ)

- ਨਸਲੀ ਭਾਈਚਾਰਿਆਂ ਦੇ ਅੰਦਰ ਅਪੰਗਤਾ 'ਤੇ ਕਾਰਵਾਈ
- ਅਮਪਾਰੋ ਐਡਵੋਕੇਸੀ ਇੰਕ. (Amparo Advocacy Inc)
- ਕੈਨਬਰਾ ਮਲਟੀਕਲਚਰਲ ਕਮਿਊਨਿਟੀ ਫੋਰਮ (Canberra Multicultural Community Forum)
- ਡਿਸਏਬਿਲਟੀ ਐਡਵੋਕੇਸੀ ਨੈੱਟਵਰਕ ਆਸਟ੍ਰੇਲੀਆ (Disability Advocacy Network Australia)
- ਡੈਫ਼ ਆਸਟ੍ਰੇਲੀਆ (Deaf Australia)
- ਡਿਸਏਬਿਲਟੀ ਰਾਈਟਸ ਐਡਵੋਕੇਸੀ ਸਰਵਿਸ (Disability Rights Advocacy Service)
- ਕਲਚਰਾ (Cultura) (ਪਹਿਲਾਂ ਡਾਇਵਰਸਿਟੈਟ (Diversitat) ਸੀ)
- ਡਾਈਵਰਸਿਟੀ ਐਂਡ ਡਿਸਏਬਿਲਟੀ ਅਲਾਇੰਸ (Diversity and Disability Alliance)
- ਐਥਨਿਕ ਕਮਿਊਨਿਟੀਜ਼ ਕਾਊਂਸਿਲ ਆਫ਼ ਵਿਕਟੋਰੀਆ (Ethnic Communities' Council of Victoria)
- ਐਥਨਿਕ ਕਮਿਊਨਿਟੀਜ਼ ਸਰਵਿਸਿਜ਼ ਕੋ-ਆਪਰੇਟਿਵ (Ethnic Communities Services Co-operative)
- ਫੈਡਰੇਸ਼ਨ ਆਫ਼ ਐਥਨਿਕ ਕਮਿਊਨਿਟੀਜ਼ ਕਾਊਂਸਿਲ ਆਫ਼ ਆਸਟ੍ਰੇਲੀਆ (Federation of Ethnic Communities' Council of Australia)
- ਗ੍ਰਿਫਿਥ ਯੂਨੀਵਰਸਿਟੀ (Griffith University)
- ਇੰਕਲੂਜ਼ਨ ਆਸਟ੍ਰੇਲੀਆ (Inclusion Australia)
- NDIA ਲਈ ਇੰਡੀਪੈਂਡੈਂਟ ਐਡਵਾਈਜ਼ਰੀ ਕਾਊਂਸਿਲ (Independent Advisory Council to the NDIA)
- ਕਿੰਨ (Kin)
- ਮੈਂਟਲ ਹੈਲਥ ਆਸਟ੍ਰੇਲੀਆ (Mental Health Australi)
- ਮਾਈਗ੍ਰੈਂਟ ਰਿਸੋਰਸ ਸੈਂਟਰ ਲੌਂਸੈਸਟਨ (Migrant Resource Centre Launceston)
- ਮਾਈਗ੍ਰੈਂਟ ਰਿਸੋਰਸ ਸੈਂਟਰ ਨੌਰਥ-ਵੈਸਟ (Migrant Resource Centre North-West)
- ਮਲਟੀਕਲਚਰਲ ਕਾਊਂਸਿਲ ਆਫ਼ ਨੌਰਦਰਨ ਟੈਰੀਟਰੀ (Multicultural Council of the Northern Territory)
- ਮਲਟੀਕਲਚਰਲ ਡਿਸਏਬਿਲਟੀ ਐਡਵੋਕੇਸੀ ਐਸੋਸੀਏਸ਼ਨ ਆਫ਼ NSW (Multicultural Disability Advocacy Association of NSW)
- ਮਲਟੀਕਲਚਰਲ ਯੂਥ ਐਡਵੋਕੇਸੀ ਨੈੱਟਵਰਕ/ਸ - ਯੂਥ ਡਿਸਏਬਿਲਟੀ CaLD ਕੁਲੈਕਟਿਵ (Multicultural Youth Advocacy Network/s – Youth Disability CaLD Collective)
- ਰਾਸ਼ਟਰੀ ਅਪੰਗਤਾ ਬੀਮਾ ਏਜੰਸੀ
- NDIS ਕੁਆਲਿਟੀ ਐਂਡ ਸੇਫ਼ਗਾਰਡਜ਼ ਕਮਿਸ਼ਨ (NDIS Quality and Safeguards Commission)

- ਨੈਸ਼ਨਲ ਐਥਨਿਕ ਡਿਸਏਬਿਲਟੀ ਅਲਾਇੰਸ (National Ethnic Disability Alliance)
- NSW ਰਫਿਊਜੀ ਹੈਲਥ ਸਰਵਿਸ (NSW Refugee Health Service)
- ਭਾਗੀਦਾਰ, ਪਰਿਵਾਰ ਅਤੇ ਦੇਖਭਾਲ ਕਰਨ ਵਾਲੇ ਵਜੋਂ ਨਾਮਜ਼ਦ ਵਿਅਕਤੀ
- ਪੀਪਲ ਵਿਦ ਡਿਸਏਬਿਲਟੀ ਆਸਟ੍ਰੇਲੀਆ (People with Disability Australia)
- ਸੈਟਲਮੈਂਟ ਕਾਉਂਸਿਲ ਆਫ਼ ਆਸਟ੍ਰੇਲੀਆ (Settlement Council of Australia)
- ਸੈਟਲਮੈਂਟ ਸਰਵਿਸਿਜ਼ ਇੰਟਰਨੈਸ਼ਨਲ (Settlement Services International)
- ਸਪੀਕ ਮਾਈ ਲੈਂਗੁਏਜ਼ (Speak My Language)
- ਸਿਡ-ਵੈਸਟ ਮਲਟੀਕਲਚਰਲ ਸਰਵਿਸਿਜ਼ (SydWest Multicultural Services)
- TASC ਨੈਸ਼ਨਲ (TASC National)
- ਸਿਡਨੀ ਯੂਨੀਵਰਸਿਟੀ (The University of Sydney)
- ਵੂਮੈਨ ਵਿਦ ਡਿਸਏਬਿਲਿਟੀਜ਼ ਆਸਟ੍ਰੇਲੀਆ (Women with Disabilities Australia)

# 7. ਅੰਤਿਕਾ B

## ਸ਼ਮੂਲੀਅਤ ਦੀ ਸੰਖੇਪ ਜਾਣਕਾਰੀ

NDIA ਨੇ ਹੇਠਾਂ ਦਿੱਤੇ ਖੇਤਰਾਂ ਤੋਂ ਸੱਭਿਆਚਾਰਕ ਪਿਛੋਕੜ ਹੋਣ ਵਾਲੇ ਵਜੋਂ ਪਛਾਣ ਰੱਖਦੇ ਲੋਕਾਂ ਨਾਲ ਸੰਪਰਕ ਕੀਤਾ ਹੈ:

- ਮੱਧ ਅਮਰੀਕਾ
- ਦੱਖਣੀ ਅਮਰੀਕਾ
- ਕੈਰੇਬੀਅਨ ਟਾਪੂ
- ਉੱਤਰੀ - ਯੂਰਪ
- ਮੱਧ - ਯੂਰਪ
- ਪੂਰਬੀ - ਯੂਰਪ
- ਉੱਤਰੀ - ਅਫਰੀਕਾ
- ਉੱਤਰ-ਪੂਰਬੀ - ਏਸ਼ੀਆ
- ਮੱਧ - ਏਸ਼ੀਆ
- ਦੱਖਣੀ - ਏਸ਼ੀਆ
- ਦੱਖਣ-ਪੂਰਬੀ - ਏਸ਼ੀਆ
- ਪੱਛਮੀ - ਏਸ਼ੀਆ
- ਪ੍ਰਸ਼ਾਂਤ ਟਾਪੂ (ਪੈਸੀਫਿਕ ਆਈਲੈਂਡਸ)

NDIA ਨੇ ਹੇਠਾਂ ਦਿੱਤੇ ਭਾਸ਼ਾਈ ਪਿਛੋਕੜ ਹੋਣ ਵਾਲੇ ਵਜੋਂ ਪਛਾਣ ਰੱਖਦੇ ਲੋਕਾਂ ਨਾਲ ਸੰਪਰਕ ਕੀਤਾ ਹੈ:

- ਅੰਗਰੇਜ਼ੀ
- ਅਰਬੀ
- ਤਾਗਾਲੋਗ
- ਤਾਮਿਲ
- ਜਾਪਾਨੀ
- ਬੰਗਾਲੀ
- ਰੂਸੀ
- ਫ੍ਰੈਂਚ
- ਜਰਮਨ
- ਕੈਂਟੋਨੀਜ਼
- ਵੀਅਤਨਾਮੀ
- ਮੈਂਡਰਿਨ
- ਹੁੱਕੀਏਨ
- ਬਹਾਸਾ ਮਾਲਾਯੂ

NDIA ਨੇ ਹੇਠਾਂ ਦਿੱਤੇ ਭਾਈਚਾਰਿਆਂ ਦੇ ਹਿੱਸੇ ਵਜੋਂ ਪਛਾਣ ਰੱਖਦੇ ਵਿਅਕਤੀਆਂ ਅਤੇ ਸਮੂਹਾਂ ਨਾਲ ਸੰਪਰਕ ਕੀਤਾ ਹੈ:

- ਚੀਨੀ ਭਾਈਚਾਰੇ ਦੇ ਗਰੁੱਪ
- ਮਿਸ਼ਰਤ ਬਹੁ-ਸੱਭਿਆਚਾਰਕ ਗਰੁੱਪ
- ਉਦਯੋਗਿਕ ਸੈਕਸ ਵਰਕਰ ਗਰੁੱਪ (ਵੱਖ-ਵੱਖ CALD ਭਾਈਚਾਰਿਆਂ ਤੋਂ)
- ਅਰਬੀ ਭਾਈਚਾਰੇ ਦੇ ਗਰੁੱਪ
- ਵੀਅਤਨਾਮੀ ਦੇਖਭਾਲ ਕਰਨ ਵਾਲਿਆਂ ਦਾ ਗਰੁੱਪ
- ਅਫ਼ਗਾਨ ਭਾਈਚਾਰੇ ਦੇ ਗਰੁੱਪ
- ਨੇਪਾਲੀ ਮਾਨਵਤਾਵਾਦੀ ਪ੍ਰਵਾਸੀ
- CALD ਯੂਥ ਗਰੁੱਪ
- ਏਜ਼ੀਦੀ (ਯਾਜ਼ੀਦੀ) ਸ਼ਰਨਾਰਥੀ ਭਾਈਚਾਰੇ ਦੇ ਗਰੁੱਪ
- ਪੰਜਾਬੀ ਭਾਈਚਾਰੇ ਦੇ ਗਰੁੱਪ
- ਹਿੰਦੂ ਭਾਈਚਾਰੇ ਦੇ ਗਰੁੱਪ
- d/ਬੋਲੇ, ਬੋਲ਼ੇ ਅਤੇ ਅੰਨ੍ਹੇ, ਅਤੇ ਸੁਣਨ ਵਿੱਚ ਸਮੱਸਿਆ ਵਾਲੇ ਭਾਈਚਾਰੇ ਦੇ ਗਰੁੱਪ

NDIA ਨੇ ਰਾਸ਼ਟਰੀ ਹਿੱਤਧਾਰਕਾਂ ਨਾਲ ਸ਼ਮੂਲੀਅਤ ਦੇ ਹਿੱਸੇ ਵਜੋਂ ਹੇਠ ਲਿਖੀਆਂ ਸੰਸਥਾਵਾਂ ਨਾਲ ਸੰਪਰਕ ਕੀਤਾ ਹੈ:

- ਐਕਸੈੱਸ ਕਮਿਊਨਿਟੀ ਸਰਵਿਸਿਜ਼ ਲਿਮਿਟੇਡ (ਐਕਸੈੱਸ) (Access Community Services Limited (Access))
- ਐਕਸੈਸ ਪਲੱਸ WA ਡੈਫ਼ (Access Plus WA Deaf)
- ਐਕਟਿਵ ਰਿਫਿਊਜੀ ਐਂਡ ਮਾਈਗ੍ਰੇਂਟ ਇੰਟੀਗ੍ਰੇਸ਼ਨ ਇਨ ਆਸਟ੍ਰੇਲੀਆ (Active Refugee and Migrant Integration in Australia)
- ਅਮਪਾਰੋ ਐਡਵੋਕੇਸੀ ਇੰਕ (Amparo Advocacy Inc)
- ਆਸਟ੍ਰੇਲੀਆ ਰਿਫਿਊਜੀ ਐਸੋਸੀਏਸ਼ਨ (Australia Refugee Association)
- ਆਸਟ੍ਰੇਲੀਅਨ ਮਾਈਗ੍ਰੇਂਟ ਰਿਸੋਰਸ ਸੈਂਟਰ (Australian Migrant Resource Centre)
- ਸੈਂਟਾਕੇਅਰ (Centacare)
- ਕਮਿਊਨਿਟੀ ਐਕਸੈਸ ਐਂਡ ਸਰਵਿਸਿਜ਼ SA (Community Access and Services SA)
- ਡੈਫ਼ ਕਨੈਕਟ (Deaf Connect)
- ਡੈਫ਼-ਬਲਾਇੰਡ ਵੈਸਟਰਨ ਆਸਟ੍ਰੇਲੀਅਨ (Deafblind Western Australians)
- ਐਥਨਿਕ ਕਮਿਊਨਿਟੀਜ਼ ਕਾਉਂਸਿਲ ਆਫ਼ NSW ਇਨਕਾਰਪੋਰੇਟਿਡ (Ethnic Communities' Council of NSW Incorporated)
- ਫੋਰਟੀਫਾਈ ਹੈਲਥ ਗਰੁੱਪ (Fortify Health Group)
- ਐਥਨਿਕ ਕਮਿਊਨਿਟੀਜ਼ ਕਾਉਂਸਿਲ ਆਫ਼ SA (Multicultural Communities Council of SA)
- ਮਲਟੀਕਲਚਰਲ ਆਸਟ੍ਰੇਲੀਆ (Multicultural Australia)
- ਨੈਸ਼ਨਲ ਕੇਅਰ ਸੁਸਾਇਟੀ (National Care Society)
- ਤਸ਼ੱਦਦ ਅਤੇ ਸਦਮੇ ਤੋਂ ਬਚਣ ਵਾਲਿਆਂ ਲਈ ਕੁਈਨਜ਼ਲੈਂਡ ਪ੍ਰੋਗਰਾਮ (Queensland Program of Assistance to Survivors of Torture and Trauma)

- ਫਾਊਂਡੇਸ਼ਨ ਹਾਊਸ (Foundation House) (The Victorian Foundation for Survivors of Torture Inc)
- ਵੈਸਟਰਨ ਆਸਟ੍ਰੇਲੀਅਨ ਐਸੋਸੀਏਸ਼ਨ ਆਫ਼ ਦ ਡੈਫ਼ ਇੰਕ (Western Australian Association of the Deaf Inc.)
- ਵਰਲਡ ਵੈਲਨੈਸ ਗਰੁੱਪ (World Wellness Group)

## 8. ਅੰਤਿਕਾ C

## ਵਿਆਪਕ ਵਿਚਾਰ ਅਤੇ ਮੁੱਦੇ

ਇਹ ਰਣਨੀਤੀ ਅਤੇ ਕਾਰਜ ਯੋਜਨਾ ਸਹਿ-ਡਿਜ਼ਾਈਨ ਪ੍ਰਕਿਰਿਆ ਵਿੱਚ ਪਛਾਣੇ ਗਏ 6 ਤਰਜੀਹੀ ਖੇਤਰਾਂ ਨੂੰ ਸੰਬੋਧਨ ਕਰਦੀ ਹੈ। ਸੈਕਸ਼ਨ 3 ਇਹਨਾਂ ਤਰਜੀਹੀ ਖੇਤਰਾਂ ਵਿੱਚ ਮੁੱਖ ਚੁਣੌਤੀਆਂ ਨੂੰ ਨਿਰਧਾਰਤ ਕਰਦਾ ਹੈ।

ਇਸ ਰਣਨੀਤੀ ਅਤੇ ਕਾਰਜ ਯੋਜਨਾ ਦੇ ਵਿਕਾਸ ਦੌਰਾਨ ਵਾਧੂ ਵਿਚਾਰਨਯੋਗ ਨੁਕਤੇ ਅਤੇ ਚੁਣੌਤੀਆਂ ਉਠਾਈਆਂ ਗਈਆਂ ਸਨ। ਇਹ ਵਿਚਾਰਾਂ ਅਤੇ ਚੁਣੌਤੀਆਂ CALD ਭਾਗੀਦਾਰਾਂ, ਉਹਨਾਂ ਦੇ ਪਰਿਵਾਰਾਂ ਅਤੇ ਉਹਨਾਂ ਦੇ ਦੇਖਭਾਲ ਕਰਨ ਵਾਲਿਆਂ ਨੂੰ NDIS ਤੱਕ ਪਹੁੰਚ ਕਰਨ ਅਤੇ ਵਰਤਣ ਦੇ ਤਰੀਕੇ ਨੂੰ ਪ੍ਰਭਾਵਿਤ ਕਰਦੀਆਂ ਹਨ। ਉਹਨਾਂ ਨੂੰ NDIS ਸਮੀਖਿਆ (2023) ਦੌਰਾਨ ਭਾਗੀਦਾਰਾਂ ਨਾਲ ਵਾਰਤਾਲਾਪਾਂ ਕਰਨ ਦੌਰਾਨ ਵੀ ਸੁਣਿਆ ਗਿਆ ਹੈ।

ਹਾਲਾਂਕਿ ਇਸ ਰਣਨੀਤੀ ਦੁਆਰਾ ਸੰਬੋਧਿਤ ਨਹੀਂ ਕੀਤਾ ਗਿਆ ਹੈ, ਹੇਠਾਂ ਸੂਚੀਬੱਧ ਸੁਝਾਂ ਤੋਂ ਭਵਿੱਖ ਦੇ ਕੰਮ ਨੂੰ ਸੂਚਿਤ ਕਰਨ, ਅਤੇ NDIA ਅਪੰਗਤਾ ਵਾਲੇ ਲੋਕਾਂ ਨਾਲ ਕਿਵੇਂ ਜੁੜੇਗਾ ਇਸ ਵਿੱਚ ਸੁਧਾਰ ਕਰਨ ਦੀ ਉਮੀਦ ਕੀਤੀ ਜਾਂਦੀ ਹੈ।

- **NDIS ਲਈ ਅਰਜ਼ੀ ਦੇਣਾ**: ਅਰਜ਼ੀ ਦੇਣ ਦੀ ਪ੍ਰਕਿਰਿਆ ਦੇ ਕਈ ਪੜਾਅ ਹਨ ਅਤੇ ਇਹ ਉਲਝਣ ਵਾਲੀ ਹੈ। ਲੋੜੀਂਦੇ ਸਬੂਤਾਂ ਨੂੰ ਸਮਝਣ ਅਤੇ ਇਕੱਠੇ ਕਰਨ ਵਿੱਚ ਵੀ ਚੁਣੌਤੀਆਂ ਹਨ। ਇਹ ਜਾਣਕਾਰੀ ਦੇ ਕਈ ਸਰੋਤਾਂ ਦੇ ਹੋਣ ਕਰਕੇ ਅਤੇ ਸਿਹਤ ਅਤੇ ਅਪੰਗਤਾ ਖੇਤਰਾਂ ਵਿਚਕਾਰ ਗਲਤ-ਅਲਾਈਨਮੈਂਟ ਦੁਆਰਾ ਮਿਸ਼ਰਤ ਹੈ।
- **ਵਿਰੋਧਤਾ (ਇੰਟਰਸੈਕਸ਼ਨਲਿਟੀ)**: CALD ਭਾਈਚਾਰਿਆਂ ਵਾਲੇ ਅਪੰਗਤਾ ਵਾਲੇ ਲੋਕਾਂ ਦੇ ਅਨੁਭਵ ਕਈ ਕਾਰਕਾਂ ਦੁਆਰਾ ਪ੍ਰਭਾਵਿਤ ਹੁੰਦੇ ਹਨ ਜੋ ਉਹਨਾਂ ਦੀ ਪਛਾਣ ਨੂੰ ਆਕਾਰ ਦਿੰਦੇ ਹਨ ਜਿਵੇਂ ਕਿ ਲਿੰਗ ਪਛਾਣ, ਜਿਨਸੀ ਝੁਕਾਅ, ਧਰਮ ਜਾਂ ਸਮਾਜਿਕ-ਆਰਥਿਕ ਪਿਛੋਕੜ। ਇਸ ਇੰਟਰਸੈਕਸ਼ਨਲਿਟੀ ਲਈ NDIS ਸਟਾਫ਼, ਪ੍ਰਕਿਰਿਆਵਾਂ ਅਤੇ ਪ੍ਰਣਾਲੀਆਂ ਤੋਂ ਵਿਅਕਤੀਗਤ ਸਹਾਇਤਾ ਅਤੇ ਜਵਾਬਦੇਹੀ ਦੀ ਲੋੜ ਹੁੰਦੀ ਹੈ।
- **ਪ੍ਰਦਾਤਾ ਦੀ ਗੁਣਵੱਤਾ**: ਅਪੰਗਤਾ ਸੇਵਾਵਾਂ ਦੀ ਗੁਣਵੱਤਾ ਇਕਸਾਰ ਨਹੀਂ ਹੈ ਅਤੇ NDIA ਦੁਆਰਾ ਗੁਣਵੱਤਾ ਦੀ ਨਿਗਰਾਨੀ ਕਰਨ ਅਤੇ ਗ਼ੈਰ-ਰਜਿਸਟਰਡ ਸੇਵਾ ਪ੍ਰਦਾਤਾਵਾਂ ਨਾਲ ਭਾਗੀਦਾਰਾਂ ਦੇ ਅਨੁਭਵਾਂ ਦੀ ਸੁਰੱਖਿਆ ਕਰਨ ਦੀ ਘੱਟ ਯੋਗਤਾ ਹੋਣ ਦੁਆਰਾ ਪ੍ਰਭਾਵਿਤ ਹੁੰਦੀ ਹੈ।
- **ਪ੍ਰਦਾਤਾ ਮੁਕਾਬਲਾ**: ਬੇ-ਮੁਕਾਬਲਾ ਬਾਜ਼ਾਰ ਜਾਂ ਬੇ-ਮੁਕਾਬਲਾ ਪ੍ਰਦਾਤਾ ਵਿਵਹਾਰ ਭਾਗੀਦਾਰਾਂ ਨੂੰ ਕਈ ਸਹਾਇਤਾਵਾਂ ਲਈ ਇੱਕ ਸੇਵਾ ਪ੍ਰਦਾਤਾ ਦੀ ਵਰਤੋਂ ਕਰਨ ਵੱਲ ਲੈ ਜਾ ਸਕਦਾ ਹੈ। ਇਸ ਦੇ ਨਤੀਜੇ ਵਜੋਂ ਹਿੱਤਾਂ ਦੇ ਟਕਰਾਅ ਪੈਦਾ ਹੋ ਸਕਦੇ ਹਨ ਅਤੇ ਭਾਗੀਦਾਰਾਂ ਲਈ ਚੋਣ ਅਤੇ ਨਿਯੰਤਰਣ ਘੱਟ ਹੋ ਸਕਦੇ ਹਨ।

- **ਸਰਕਾਰੀ ਏਜੰਸੀਆਂ ਵਿਚਕਾਰ ਸਹਿਯੋਗ ਦੀ ਘਾਟ**: ਪ੍ਰਦਾਤਾ ਦੀ ਗੁਣਵੱਤਾ ਲੋੜੀਂਦੀ ਸਹਾਇਤਾ ਨੂੰ ਪਛਾਣਨ ਅਤੇ ਪ੍ਰਦਾਨ ਕਰਨ ਲਈ ਵਧੇਰੇ ਅਲਾਈਨਮੈਂਟ ਦੀ ਲੋੜ ਹੈ (ਉਦਾਹਰਨ ਲਈ, ਅੰਗਰੇਜ਼ੀ ਭਾਸ਼ਾ ਦੇ ਹੁਨਰ ਨੂੰ ਪੈਦਾ ਕਰਨ ਲਈ)।
- **ਸਿਹਤ ਪ੍ਰਦਾਤਾਵਾਂ ਦੀਆਂ ਸੀਮਾਵਾਂ**: ਸਿਹਤ ਪੇਸ਼ੇਵਰਾਂ (ਜਨਰਲ ਪ੍ਰੈਕਟੀਸ਼ਨਰਾਂ ਸਮੇਤ) ਕੋਲ ਇਸ ਬਾਰੇ ਜਾਣਕਾਰੀ, ਅਤੇ ਉਹਨਾਂ ਦੇ ਗਿਆਨ ਨੂੰ ਬਿਹਤਰ ਬਣਾਉਣ ਲਈ ਪ੍ਰੋਤਸਾਹਨ ਦੀ ਘਾਟ ਹੈ ਕਿ ਪਹੁੰਚ ਬੇਨਤੀ ਫਾਰਮਾਂ ਵਾਲੇ ਲੋਕਾਂ ਦੀ ਸਹੀ ਢੰਗ ਨਾਲ ਕਿਵੇਂ ਸਹਾਇਤਾ ਕਰਨੀ ਹੈ।
- **ਘਰੇਲੂ ਅਤੇ ਪਰਿਵਾਰਕ ਹਿੰਸਾ ਦਾ ਅਨੁਭਵ**: ਘਰੇਲੂ ਅਤੇ ਪਰਿਵਾਰਕ ਹਿੰਸਾ NDIS ਸਹਾਇਤਾ ਤੱਕ ਪਹੁੰਚ ਕਰਨ ਅਤੇ ਵਰਤਣ ਵੇਲੇ ਭਾਗੀਦਾਰਾਂ ਲਈ ਵਾਧੂ ਰੁਕਾਵਟਾਂ ਪੈਦਾ ਕਰਨ ਦਾ ਕਾਰਨ ਬਣਦੀ ਹੈ।

# ਰਾਸ਼ਟਰੀ ਅਪੰਗਤਾ ਬੀਮਾ ਏਜੰਸੀ

ndis.gov.au

ਟੈਲੀਫ਼ੋਨ 1800 800 110

ਵੈਬਚੈਟ ndis.gov.au

ਸਾਡੇ ਸੋਸ਼ਲ ਚੈਨਲਾਂ 'ਤੇ ਸਾਨੂੰ ਫ਼ੌਲੋ ਕਰੋ

ਫੇਸਬੁੱਕ, ਟਵਿੱਟਰ, ਇੰਸਟਾਗ੍ਰਾਮ, ਯੂਟਿਊਬ, ਲਿੰਕਡਇਨ

**ਉਹਨਾਂ ਲੋਕਾਂ ਲਈ ਜਿਨ੍ਹਾਂ ਨੂੰ ਅੰਗਰੇਜ਼ੀ ਵਿੱਚ ਮੱਦਦ ਦੀ ਲੋੜ ਹੈ**

**TIS:** 131 450

**ਉਹਨਾਂ ਲੋਕਾਂ ਲਈ ਜੋ ਬੋਲ਼ੇ ਹਨ ਜਾਂ ਸੁਣਨ ਵਿੱਚ ਸਮੱਸਿਆ ਹੈ**

**TTY:** 1800 555 677

**ਵੌਇਸ ਰੀਲੇਅ:** 1800 555 727

**ਨੈਸ਼ਨਲ ਰੀਲੇਅ ਸਰਵਿਸ:** relayservice.gov.au